# ਸੰਦੇਸ਼



ਕਿਸੇ ਵੀ ਸਮਾਜ ਦਾ ਅਕਸ ਉਸ ਸਮਾਜ ਦੇ ਵਿੱਦਿਅਕ ਪੱਧਰ ਨਾਲ ਨਿੱਖਰਦਾ ਹੈ ਅਤੇ ਵਿੱਦਿਅਕ ਪੱਧਰ ਦਾ ਮਿਆਰ ਉੱਚਾ ਚੁੱਕਣ ਵਿੱਚ ਉਸ ਸਮਾਜ ਦੇ ਵਿਦਿਆਰਥੀ ਵਰਗ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਵਰਗ ਲਈ ਸੈਕੰਡਰੀ ਸਿੱਖਿਆ ਬਹੁਤ ਮਹੱਤਵਪੂਰਣ ਹੈ ਜੋ ਉਨ੍ਹਾਂ ਨੂੰ ਉਚੇਰੀ ਸਿੱਖਿਆ ਲਈ ਤਿਆਰ ਕਰਦੀ ਹੈ। ਸਿੱਖਿਆ ਦਾ ਅਧਿਕਾਰ ਲਾਗੂ ਹੋਣ ਕਾਰਣ ਸੈਕੰਡਰੀ ਸਿੱਖਿਆ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਵਿਦਿਆਰਥੀਆਂ ਨੂੰ ਸੁਨਹਿਰੇ ਭਵਿੱਖ ਲਈ ਤਿਆਰ ਕਰਨ ਅਤੇ ਰਾਸ਼ਟਰੀ ਸਿੱਖਿਆ ਨੀਤੀ ਅਧੀਨ ਉਲੀਕੇ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬ ਓਪਨ ਸਕੂਲ ਪ੍ਰਣਾਲੀ ਰਾਹੀਂ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਲਈ ਵਿੱਦਿਅਕ ਅਗਵਾਈ ਦੇਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਰਸਮੀ ਸਿੱਖਿਆ ਤੋਂ ਟੁੱਟ ਚੁੱਕੇ ਵਿਦਿਆਰਥੀਆਂ ਨੂੰ ਮੁੜ ਸਿੱਖਿਆ ਜਗਤ ਨਾਲ ਜੋੜ ਕੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਕੀਤਾ ਜਾ ਸਕੇ।

ਇਸ ਪ੍ਰਣਾਲੀ ਦੀ ਵਿਸ਼ੇਸ਼ਤਾ ਇਹ ਹੈ ਕਿ ਵਿਦਿਆਰਥੀਆਂ ਨੂੰ ਨਿਯਮਬੱਧ ਸਮੇਂ ਤੇ ਸਕੂਲ ਜਾਣ ਦੀ ਲੋੜ ਨਹੀਂ ਸਗੋਂ ਉਹ ਸਵੈ-ਅਧਿਐਨ ਪ੍ਰਕਿਰਿਆ ਅਪਣਾਉਂਦੇ ਹੋਏ ਵਿੱਦਿਆ ਪ੍ਰਾਪਤ ਕਰ ਸਕਦੇ ਹਨ। ਪਾਠ-ਸਮੱਗਰੀ ਵੀ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਤਿਆਰ ਕੀਤੀ ਜਾਂਦੀ ਹੈ ਤਾਂ ਜੋ ਸਵੈ-ਅਧਿਐਨ ਕੀਤਾ ਜਾ ਸਕੇ, ਲੇਕਿਨ ਵਿੱਦਿਅਕ ਅਗਵਾਈ ਦੇਣ ਲਈ ਐਕਰੀਡਿਟਿਡ ਸਕੂਲਾਂ ਵਿੱਚ ਅਧਿਐਨ ਕੇਂਦਰ ਸਥਾਪਤ ਕਰਕੇ ਲੋੜੀਂਦੀ ਅਗਵਾਈ ਦਿੱਤੀ ਜਾਂਦੀ ਹੈ। ਪਰੀਖਿਆਰਥੀਆਂ ਨੂੰ ਪਰੀਖਿਆ ਪਾਸ ਕਰਨ ਲਈ ਜ਼ਿਆਦਾ ਮੌਕੇ ਦਿੱਤੇ ਜਾਂਦੇ ਹਨ ਅਤੇ ਪਾਸ ਕੀਤੇ ਜਾ ਚੁੱਕੇ ਵਿਸ਼ਿਆਂ ਲਈ ਕਰੈਡਿਟ ਕੈਰੀ ਦਾ ਉਪਬੰਧ ਵੀ ਪ੍ਰਾਪਤ ਹੈ।

ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮਿਆਂ ਵਿੱਚ ਓਪਨ ਸਿੱਖਿਆ ਪ੍ਰਣਾਲੀ 100% ਸਾਖਰਤਾ ਦੇ ਟੀਚੇ ਨੂੰ ਪੂਰਾ ਕਰਨ ਵਿੱਚ ਸਹਾਇਕ ਹੋਵੇਗੀ ਅਤੇ ਵਿਦਿਆਰਥੀ ਜਗਤ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਮੈਨੂੰ ਉਮੀਦ ਹੈ ਕਿ ਰਾਜ ਦੇ ਵੱਧ ਤੋਂ ਵੱਧ ਵਿਦਿਆਰਥੀ ਇਸ ਸਿੱਖਿਆ ਪ੍ਰਣਾਲੀ ਦਾ ਲਾਭ ਲੈ ਕੇ ਆਪਣੀ ਵਿੱਦਿਅਕ ਯੋਗਤਾ ਨੂੰ ਵਿਕਸਿਤ ਕਰਕੇ ਵਿੱਦਿਅਕ ਮਿਆਰ ਨੂੰ ਉੱਚਾ ਚੁੱਕਣਗੇ। ਇਸ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਹਿੱਤ ਖੇਤਰ ਤੋਂ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ
ਪੰਜਾਬ ਸਕੂਲ ਸਿੱਖਿਆ ਬੋਰਡ

# ਪੰਜਾਬ ਸਕੂਲ ਸਿੱਖਿਆ ਬੋਰਡ
# ਓਪਨ ਸਕੂਲ ਸਿੱਖਿਆ ਪ੍ਰਣਾਲੀ
# ਸੀਨੀਅਰ ਸੈਕੰਡਰੀ ਕੋਰਸ

## 1. ਉਦੇਸ਼

1.1 ਰਾਸ਼ਟਰੀ ਸਿੱਖਿਆ ਨੀਤੀ 1986 ਵਿਚ ਸਾਖਰਤਾ ਸਬੰਧੀ ਸਕੰਲਪ ਦੀ ਪ੍ਰਤੀ ਪੂਰਤੀ ਲਈ ਠੋਸ ਯਤਨ।

1.2 ਅਜਿਹੇ ਵਿਦਿਆਰਥੀਆਂ ਨੂੰ ਵਿੱਦਿਆ ਸੰਬੰਧੀ ਅਗਵਾਈ ਦੇਣਾ, ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਕਿਸੇ ਕਾਰਨ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

1.3 ਮਨੁੱਖੀ ਜੀਵਨ ਵਿੱਚ ਸਿੱਖਿਆ ਦੀ ਨਿਰੰਤਰਤਾ ਕਾਇਮ ਕਰਨਾ।

1.4 ਚਿਰਕਾਲ ਤੋਂ ਚੱਲੀ ਆ ਰਹੀ ਰੂੜ੍ਹੀਵਾਦੀ ਅਧਿਆਪਕ ਕੇਂਦਰਤ ਪ੍ਰਣਾਲੀ ਵਿੱਚ ਕੁਝ ਕ੍ਰਾਂਤੀਕਾਰੀ ਪਰਿਵਰਤਨ ਕਰਕੇ ਸਵੈ-ਅਧਿਐਨ ਰਾਹੀਂ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਭਾਵਨਾ ਉਜਾਗਰ ਕਰਨਾ। ਮੌਲਿਕ ਚਿੰਤਨ, ਪਹਿਲ ਸ਼ਕਤੀ, ਕੰਮ ਕਰਨ ਵਿੱਚ ਸਵੈ-ਮਾਣ ਦੀ ਭਾਵਨਾ ਆਦਿ ਦਾ ਅਹਿਸਾਸ ਕਰਵਾ ਕੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ।

1.5 ਬਹੁਤ ਘੱਟ ਖ਼ਰਚੇ ਨਾਲ ਵਿੱਦਿਆ ਨੂੰ ਹਰ ਇੱਕ ਵਿਦਿਆਰਥੀ ਦੇ ਦਰੋ-ਦੀਵਾਰ ਤੱਕ ਪਹੁੰਚਾਉਣਾ।

## 2. ਤਰਜੀਹੀ ਵਿਦਿਆਰਥੀ ਵਰਗ

ਕਿਸੇ ਵੀ ਕਾਰਨ ਰਸਮੀ ਸਿੱਖਿਆ ਤੋਂ ਵਾਂਝੇ ਰਹਿ ਚੁੱਕੇ ਓਮੀਦਵਾਰ ਜਿਵੇਂ :

- ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ
- ਕਾਰਖਾਨਿਆਂ ਵਿੱਚ ਕੰਮ ਕਰਦੇ ਮਜਦੂਰ
- ਫੌਜੀ ਅਤੇ ਨੀਮ ਫੌਜੀ ਬਲਾਂ ਦੇ ਜਵਾਨ
- ਖੇਤੀਬਾੜੀ ਕਰਦੇ ਕਿਸਾਨ
- ਨੌਕਰੀ ਪੇਸ਼ਾ ਲੜਕੇ ਅਤੇ ਲੜਕੀਆਂ
- ਅਨੁਸੂਚਿਤ ਤੇ ਪੱਛੜੀਆਂ ਜਾਤੀਆਂ
- ਦੂਰ ਦੁਰਾਡੇ ਰਹਿੰਦੇ ਲੋਕ
- ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ

## 3. ਕੋਰਸ ਦਾ ਸਮਾਂ

ਕੋਰਸ ਦਾ ਸਮਾਂ ਇੱਕ ਅਕਾਦਮਿਕ ਸਾਲ ਹੋਵੇਗਾ। ਪ੍ਰੀਖਿਆ ਸਾਲਾਨਾ ਪ੍ਰਣਾਲੀ ਅਧੀਨ (ਮਾਰਚ-ਅਪਰੈਲ ਮਹੀਨੇ) ਰੈਗੂਲਰ ਵਿਦਿਆਰਥੀਆਂ ਦੀ ਤਰਜ਼ ਤੇ ਹੀ ਹੋਵੇਗੀ।

## 4. ਦਾਖਲੇ ਲਈ ਯੋਗਤਾਵਾਂ

4.1 ਪੰਜਾਬ ਜਾਂ ਯੂ.ਟੀ. ਚੰਡੀਗੜ੍ਹ ਦਾ ਵਸਨੀਕ ਹੋਵੇ।

4.2 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖਲਾ ਲੈਣ ਸਮੇਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਤੋਂ ਘੱਟ ਤੋਂ ਘੱਟ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਦੀ ਪਰੀਖਿਆ ਦੇਣ ਸਮੇਂ ਤੱਕ ਦੋ ਅਕਾਦਮਿਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਪਰੀਖਿਆ ਵਿੱਚ ਘੱਟੋ-ਘੱਟ ਦੋ ਅਕਾਦਮਿਕ ਸਾਲ ਪਹਿਲਾਂ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ ਅਤੇ ਦਾਖਲਾ ਲੈਣ ਸਮੇਂ ਤੱਕ ਇਹ ਕੰਪਾਰਟਮੈਂਟ/ਰੀਅਪੀਅਰ ਪਾਸ ਕਰ ਲਈ ਹੋਵੇ। (ਰੀਅਪੀਅਰ ਜਾਂ ਕੰਪਾਰਟਮੈਂਟ ਉਮੀਦਵਾਰਾਂ ਲਈ 2 ਸਾਲ ਦੀ ਵਿੱਥ ਰੀਅਪੀਅਰ ਜਾਂ ਕੰਪਾਰਟਮੈਂਟ ਆਉਣ ਵਾਲੇ ਅਕਾਦਮਿਕ ਸਾਲ ਤੋਂ ਗਿਣੀ ਜਾਵੇਗੀ।)

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਵਿੱਚੋਂ ਫੇਲ੍ਹ ਹੋ ਚੁੱਕਾ ਹੋਵੇ।

ਜਾਂ

ਸੀਨੀਅਰ ਸੈਕੰਡਰੀ ਕੋਰਸ ਵਿੱਚ ਕੰਪਾਰਟਮੈਂਟ/ਰੀ-ਅਪੀਅਰ ਦੇ ਪ੍ਰਾਪਤ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।

4.3 ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਆਯੋਜਿਤ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਸਮਾਨ ਗਰੁੱਪ ਨਾਲ ਜਾਂ ਇਸ ਤੋਂ ਉਚੇਰੇ ਪੱਧਰ ਦੀ ਪਰੀਖਿਆ ਪਾਸ ਨਾ ਕੀਤੀ ਹੋਵੇ।

4.4 ਨੈਸ਼ਨਲ ਇੰਨਸਟੀਚਿਊਟ ਆਫ ਓਪਨ ਸਕੂਲਿੰਗ ਦਾ ਵਿਦਿਆਰਥੀ ਤਾਂ ਹੀ ਪੰਜਾਬ ਓਪਨ ਸਕੂਲ ਦੇ ਦਾਖਲੇ ਲਈ ਯੋਗ ਹੋਵੇਗਾ ਜੇਕਰ ਉਹ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਸੈਕੰਡਰੀ ਕੋਰਸ ਵਿੱਚ ਇੱਕ ਵਾਰੀ ਦਾਖ਼ਲ ਹੋਣ ਉਪਰੰਤ ਕੰਪਾਰਟਮੈਂਟ/ਰੀ-ਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ ਅਤੇ ਉਸ ਨੂੰ ਫੇਲ੍ਹ ਘੋਸ਼ਿਤ ਕੀਤਾ ਜਾ ਚੁੱਕਾ ਹੋਵੇ।

4.5 ਵਿਦਿਆਰਥੀ ਨੂੰ ਉਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਸ ਤਹਿਸੀਲ ਦਾ ਉਹ ਵਸਨੀਕ ਹੈ। ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸ ਦੀ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. (ਸੜਕ ਰਸਤੇ) ਤੋਂ ਦੂਰ ਹੈ ਅਤੇ ਨੇੜੇ ਦੀ ਕਿਸੇ ਤਹਿਸੀਲ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. ਤੋਂ ਨੇੜੇ ਹੈ ਜਾਂ ਉਸ ਤਹਿਸੀਲ ਵਿੱਚ ਕੋਰਸ ਦੀ ਜ਼ਰੂਰਤ ਅਨੁਸਾਰ ਅਧਿਐਨ ਕੇਂਦਰ ਨਹੀਂ ਹੈ ਤਾਂ ਵਿਦਿਆਰਥੀ ਬਾਹਰਲੀ ਤਹਿਸੀਲ ਵਿੱਚ ਦਾਖਲਾ ਲੈ ਸਕਦਾ ਹੈ ਲੇਕਿਨ ਅਜਿਹੇ ਵਿਦਿਆਰਥੀਆਂ ਨੂੰ ਦੂਸਰੀ ਤਹਿਸੀਲ ਵਿੱਚ ਦਾਖਲਾ ਲੈਣ ਲਈ ਕਾਰਨ ਦੱਸਦੇ ਹੋਏ ਸਬੂਤ ਵਜੋਂ ਦਸਤਾਵੇਜ਼ ਪੇਸ਼ ਕਰਦੇ ਹੋਏ ਦਰਖਾਸਤ ਦੇਣੀ ਪਵੇਗੀ ਜੋ ਪਿੰਡ ਦੇ ਸਰਪੰਚ/ਨਗਰਪਾਲਿਕਾ ਦੇ ਕੌਂਸਲਰ ਆਦਿ ਤੋਂ ਤਸਦੀਕ ਹੋਵੇ ਅਤੇ ਅਧਿਐਨ ਕੇਂਦਰ ਵੱਲੋਂ ਉਸ ਨੂੰ ਆਰਜ਼ੀ ਦਾਖਲਾ ਦਿੱਤਾ ਜਾਵੇਗਾ। ਦਾਖਲਾ ਦੇਣ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ਅਤੇ ਪੜਤਾਲ ਕਰਨ ਉਪਰੰਤ ਹੀ ਦਾਖਲਾ ਦਿੱਤਾ ਜਾਵੇਗਾ ਜਿਸ ਦੀ ਕਾਰਜ ਬਾਅਦ ਪ੍ਰਵਾਨਗੀ ਅਧਿਐਨ ਕੇਂਦਰ ਮੁਖੀ ਦੁਆਰਾ ਓਪਨ ਸਕੂਲ ਸ਼ਾਖਾ ਦੇ ਸਮਰੱਥ ਅਧਿਕਾਰੀ ਪਾਸੋਂ ਲਈ ਜਾਵੇਗੀ।

**ਸੰਬੰਧਤ ਤਹਿਸੀਲ ਦੇ ਵਸਨੀਕ ਹੋਣ ਵੱਜੋਂ ਹੇਠ ਲਿਖੇ ਦਸਤਾਵੇਜ਼ ਮੰਨਣਯੋਗ ਹੋਣਗੇ:-**

(ੳ) ਮਾਪਿਆਂ ਦਾ ਜਾਂ ਆਪਣਾ ਰਾਸ਼ਨ ਕਾਰਡ ਜੋ ਦਾਖਲੇ ਸਮੇਂ ਚਾਲੂ ਹਾਲਤ ਵਿੱਚ ਹੋਵੇ।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ।

(ੲ) ਉਸ ਸਰਕਾਰੀ/ਅਰਧ ਸਰਕਾਰੀ ਅਦਾਰੇ ਦੇ ਸਮਰੱਥ ਅਧਿਕਾਰੀ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਰਟੀਫ਼ਿਕੇਟ ਜਿੱਥੇ ਉਮੀਦਵਾਰ ਨੌਕਰੀ ਕਰਦਾ ਹੋਵੇ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਪੱਕੇ ਕਾਗਜ਼ ਉੱਤੇ ਜੋ ਸੰਬੰਧਿਤ ਪਿੰਡ ਦੇ ਸਰਪੰਚ/ਪੰਚ, ਨਗਰਪਾਲਿਕਾ ਜਾਂ ਨਗਰ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ਼ ਜਿਸ ਉਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ਼ ਹੋਵੇ।

## 5. ਜ਼ਿਲ੍ਹਾ ਕੋਡ

ਵੱਖ-ਵੱਖ ਜ਼ਿਲਿਆਂ ਲਈ ਹੇਠ ਲਿਖੇ ਅਨੁਸਾਰ ਕੋਡ ਨਿਰਧਾਰਿਤ ਹਨ। ਦਾਖ਼ਲਾ ਫਾਰਮ ਭਰਦੇ ਸਮੇਂ ਠੀਕ ਕੋਡ ਭਰਿਆ ਜਾਵੇ:-

| ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: |
|---|---|---|---|---|---|---|---|---|
| 1. | ਅੰਮ੍ਰਿਤਸਰ | ●1● | 9. | ਜਲੰਧਰ | ●8● | 17. | ਰੂਪ ਨਗਰ | 16● |
| 2. | ਬਠਿੰਡਾ | ●2● | 1●. | ਕਪੂਰਥਲਾ | ●9● | 18. | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 165 |
| 3. | ਬਰਨਾਲਾ | ●25 | 11. | ਲੁਧਿਆਣਾ | 1●● | 19. | ਸੰਗਰੂਰ | 17● |
| 4. | ਫਰੀਦਕੋਟ | ●3● | 12. | ਮਾਨਸਾ | 11● | 2●. | ਤਰਨ ਤਾਰਨ | 175 |
| 5. | ਫਤਿਹਗੜ੍ਹ ਸਾਹਿਬ | ●4● | 13. | ਮੋਗਾ | 12● | 21. | ਫਾਜ਼ਿਲਕਾ | 19● |
| 6. | ਫਿਰੋਜ਼ਪੁਰ | ●5● | 14. | ਮੁਕਤਸਰ | 13● | 22. | ਪਠਾਨਕੋਟ | 2●● |
| 7. | ਗੁਰਦਾਸਪੁਰ | ●6● | 15. | ਸ਼ਹੀਦ ਭਗਤ ਸਿੰਘ ਨਗਰ | 14● | | | |
| 8. | ਹੁਸ਼ਿਆਰਪੁਰ | ●7● | 16. | ਪਟਿਆਲਾ | 15● | | | |

## 6. ਦਾਖ਼ਲੇ ਦੀਆਂ ਮਿਤੀਆਂ ਅਤੇ ਫ਼ੀਸਾਂ

| ਦਾਖ਼ਲਾ ਮਿਤੀਆਂ ਅਤੇ ਫ਼ੀਸਾਂ ਦਾ ਵੇਰਵਾ | ਪ੍ਰਤੀ ਵਿਦਿਆਰਥੀ ਦਾਖਲਾ ਫ਼ੀਸ |
|---|---|
| ਬਿਨਾਂ ਲੇਟ ਫ਼ੀਸ 1 ਅਪਰੈਲ 2●14 ਤੋਂ 15 ਜੁਲਾਈ, 2●14 ਤੱਕ ਦਾਖਲਾ | 14●●/- ਰੁਪਏ |
| ਐਸ.ਸੀ./ਬੀ.ਸੀ./ਅਪੰਗ ਲੜਕੇ ਅਤੇ ਸਮੂਹ ਲੜਕੀਆਂ ਲਈ ਦਾਖ਼ਲਾ ਫ਼ੀਸ | 135●/- ਰੁਪਏ |
| ਵਾਧੂ ਵਿਸ਼ਾ ਦਾਖ਼ਲਾ ਫ਼ੀਸ (ਪ੍ਰਤੀ ਵਿਸ਼ਾ) | 25●/- ਰੁਪਏ |
| ਨਵੀਂ ਰਜਿਸਟ੍ਰੇਸ਼ਨ ਫ਼ੀਸ | 18●/- ਰੁਪਏ |
| ਰਜਿਸਟ੍ਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫ਼ੀਸ | 11●/- ਰੁਪਏ |
| ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫ਼ੀਸ | 12●●/- ਰੁਪਏ |
| ਪ੍ਰਾਸਪੈਕਟਸ ਫੀਸ | 1●●/-ਰੁਪਏ ਪ੍ਰਤੀ ਫਾਰਮ |
| 16 ਜੁਲਾਈ, 2●14 ਤੋਂ 31 ਜੁਲਾਈ, 2●14 ਤੱਕ | ਉਪਰੋਕਤ ਅਨੁਸਾਰ ਅਤੇ 5●●/-ਰੁਪਏ ਲੇਟ ਫ਼ੀਸ ਨਾਲ |
| 1 ਅਗਸਤ, 2●14 ਤੋਂ 14 ਅਗਸਤ, 2●14 ਤੱਕ | ਉਪਰੋਕਤ ਅਨੁਸਾਰ ਅਤੇ 1●●●/-ਰੁਪਏ ਲੇਟ ਫ਼ੀਸ ਨਾਲ |

6.1 ਬੋਰਡ ਦੀ ਮੈਟ੍ਰਿਕੁਲੇਸ਼ਨ ਵਿੱਚੋਂ ਪਾਸ ਜਾਂ ਸੀਨੀਅਰ ਸੈਕੰਡਰੀ ਵਿੱਚ ਫੇਲ੍ਹ ਵਿਦਿਆਰਥੀ ਯੋਗਤਾ ਪੂਰੀ ਕਰਨ ਤੇ ਮੁੱਖ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਦਾਖ਼ਲਾ ਲੈ ਸਕਦੇ ਹਨ।

6.2 ਓਪਨ ਸਕੂਲ ਪ੍ਰਣਾਲੀ ਵਿੱਚ ਦਾਖਲਾ ਆਨਲਾਈਨ ਕੀਤਾ ਜਾਵੇਗਾ। ਦਾਖਲਾ/ਰਜਿਸਟ੍ਰੇਸ਼ਨ ਫਾਰਮ ਆਨਲਾਈਨ ਹੀ ਭਰਿਆ ਜਾਵੇਗਾ। ਦਾਖਲਾ/ਰਜਿਸਟ੍ਰੇਸ਼ਨ ਫਾਰਮ ਵਿੱਚ ਭਰੇ ਵੇਰਵਿਆਂ ਨੂੰ ਹੀ ਪ੍ਰੀਖਿਆ ਫਾਰਮ ਵਜੋਂ ਵਰਤਿਆ ਜਾਵੇਗਾ। ਇਸ ਲਈ ਦਾਖਲਾ ਫਾਰਮ ਵਿੱਚ ਦਿੱਤੀ ਸੂਚਨਾ ਨੂੰ ਪੂਰੀ ਤਰ੍ਹਾਂ ਘੋਖ ਕੇ ਹੀ ਭਰਿਆ ਜਾਵੇ।

6.3 ਦਾਖਲਾ/ਪ੍ਰੀਖਿਆ ਫ਼ੀਸ ਨਿਰਧਾਰਿਤ ਮਿਤੀ ਤੱਕ ਸੰਬੰਧਤ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ ਅਤੇ **ਅਧਿਐਨ ਕੇਂਦਰ ਇਹ ਫੀਸ ਬੈਂਕ ਵਿੱਚ ਜਮ੍ਹਾ ਕਰਵਾ ਕੇ ਚਲਾਨ ਪ੍ਰਾਪਤ ਕਰੇਗਾ।**

6.4 ਸੀਨੀਅਰ ਸੈਕੰਡਰੀ ਪਰੀਖਿਆ ਲਈ ਫ਼ੀਸ ਰੈਗੂਲਰ ਪਰੀਖਿਆਰਥੀਆਂ ਦੇ ਨਾਲ ਹੀ ਬੋਰਡ ਦੀ ਪਰੀਖਿਆ ਸ਼ਾਖਾ ਵੱਲੋਂ ਨਿਰਧਾਰਤ ਕਰਕੇ ਸ਼ੈਡਿਊਲ ਜਾਰੀ ਕੀਤਾ ਜਾਵੇਗਾ।

**6.5 ਦਾਖਲਾ ਕਰਨ ਦੇ ਨਾਲ ਹੀ ਆਨਲਾਈਨ ਰਜਿਸਟ੍ਰੇਸ਼ਨ ਵੀ ਕਰਵਾ ਲਈ ਜਾਵੇ ਤਾਂ ਜੋ ਰਜਿਸਟ੍ਰੇਸ਼ਨ ਵਿੱਚ ਦੇਰੀ ਤੋਂ ਬਚਿਆ ਜਾ ਸਕੇ। ਸਮੇਂ ਸਿਰ ਰਜਿਸਟ੍ਰੇਸ਼ਨ ਨਾ ਕਰਵਾਉਣ ਲਈ ਅਧਿਐਨ ਕੇਂਦਰ ਮੁਖੀ ਜ਼ਿੰਮੇਵਾਰ ਹੋਵੇਗਾ।**

6.6 ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਫ਼ੀਸ ਅਤੇ ਦਾਖਲਾ ਮਿਤੀਆਂ ਵਿੱਚ ਤਬਦੀਲੀ ਕਰ ਸਕਦੇ ਹਨ।

ਵਿਸ਼ੇਸ਼ ਨੋਟ : 1. **ਫੀਸਾਂ ਜਮ੍ਹਾਂ ਕਰਨ ਸਬੰਧੀ ਸੰਪੂਰਨ ਕਾਰਜ ਵਿਧੀ ਦੀ ਵਿਸਥਾਰ ਬੋਰਡ ਦੀ ਵੈਬਸਾਈਟ ਤੇ ਪਾਈ ਜਾਵੇਗੀ। ਇਸ ਲਈ ਸਮੇਂ-ਸਮੇਂ ਤੇ ਬੋਰਡ ਦੀ ਵੈਬਸਾਈਟ ਨੂੰ ਚੈਕ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਮਦਦ ਲਈ ਕੰਪਿਊਟਰ ਸ਼ਾਖਾ ਦੇ ਹੈਲਪਲਾਈਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।**

2. **ਦਾਖਲਾ ਮਿਤੀਆਂ ਹੀ ਰਜਿਸਟਰੇਸ਼ਨ ਮਿਤੀਆਂ ਹਨ ਇਸ ਲਈ ਅਧਿਐਨ ਕੇਂਦਰ ਵਲੋਂ ਦਾਖਲੇ ਸਬੰਧੀ ਫਾਈਨਲ ਸਬਮਿਸ਼ਨ ਸੂਚੀ ਵਿੱਚ ਨਾਂ ਦਰਜ ਹੋਣਾ ਯਕੀਨੀ ਬਣਾ ਲਿਆ ਜਾਵੇ।**

## 7. ਪੜ੍ਹਾਈ ਸਕੀਮ

ਵਿਦਿਆਰਥੀ ਹਿਊਮੈਨੀਟੀਜ਼ ਜਾਂ ਕਾਮਰਸ ਜਾਂ ਮਿਸ਼ਰਿਤ ਗਰੁੱਪ ਵਿੱਚੋਂ ਕਿਸੇ ਇੱਕ ਗਰੁੱਪ ਦੀ ਚੋਣ ਕਰੇਗਾ।

## 7.1 ਪੜ੍ਹਾਈ ਵਿਸ਼ੇ:

| ਕੋਡ ਨੰ: | ਵਿਸ਼ੇ ਦਾ ਨਾਂ | ਲਿਖਤੀ | ਪ੍ਰਯੋਗੀ | ਸੀ.ਸੀ.ਈ ਦੇ ਅੰਕ ਜੋ ਅਨੁਪਾਤ ਅਨੁਸਾਰ ਦਿੱਤੇ ਜਾਣਗੇ | ਕੁੱਲ ਅੰਕ |
|---|---|---|---|---|---|
| **ਲਾਜ਼ਮੀ ਵਿਸ਼ੇ** | | | | | |
| ●●1 | ਅੰਗਰੇਜ਼ੀ ਲਾਜ਼ਮੀ | 5● | - | 25 | 75 |
| ●●2<br>●●3 | ਪੰਜਾਬੀ ਲਾਜ਼ਮੀ (ਜਾਂ)<br>ਪੰਜਾਬ ਹਿਸਟਰੀ ਐਂਡ ਕਲਚਰ | 5● | - | 25 | 75 |
| **ਨੋਟ: ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਸ਼ਰਤਾਂ ਅਧੀਨ ਹੀ ਲਿਆ ਜਾ ਸਕੇਗਾ।** | | | | | |
| **ਚੋਣਵੇਂ ਵਿਸ਼ੇ** | | | | | |
| **ਹਿਊਮੈਨੀਟੀਜ਼ ਗਰੁੱਪ (3●1) ਕੋਈ ਤਿੰਨ** | | | | | |
| ●●4 | ਚੋਣਵੀਂ ਪੰਜਾਬੀ | 7● | - | 3● | 1●● |
| ●●5 | ਹਿੰਦੀ | 7● | - | 3● | 1●● |

| | | | | | |
|---|---|---|---|---|---|
| ●25 | ਇਤਿਹਾਸ | 7● | – | 3● | 1●● |
| ●26 | ਅਰਥ ਸ਼ਾਸਤਰ | 7● | – | 3● | 1●● |
| ●28 | ਗਣਿਤ | 7● | – | 3● | 1●● |
| ●31 | ਰਾਜਨੀਤੀ ਸ਼ਾਸਤਰ | 7● | – | 3● | 1●● |
| ●32 | ਸਮਾਜ ਸ਼ਾਸਤਰ | 7● | – | 3● | 1●● |
| ●35 | ਧਰਮ | 7● | – | 3● | 1●● |
| ●36 | ਸੰਗੀਤ (ਗਾਇਨ) | 3● | 4● | 3● | 1●● |
| ●37 | ਸੰਗੀਤ (ਵਾਦਨ) | 3● | 4● | 3● | 1●● |
| ●38 | ਸੰਗੀਤ (ਤਬਲਾ) | 3● | 4● | 3● | 1●● |
| ●42 | ਭੂਗੋਲ | 5● | 2● | 3● | 1●● |
| ●45 | ਗ੍ਰਹਿ ਵਿਗਿਆਨ | 4● | 3● | 3● | 1●● |
| ●49 | ਸਰੀਰਕ ਸਿੱਖਿਆ ਅਤੇ ਖੇਡਾਂ | 3● | 4● | 3● | 1●● |
| ●65 | ਖੇਤੀ-ਬਾੜੀ | 5● | 2● | 3● | 1●● |
| ●72 | ਕੰਪਿਊਟਰ ਐਪਲੀਕੇਸ਼ਨ | 5● | 2● | 3● | 1●● |
| 15● | ਮੀਡੀਆ ਸਟਡੀਜ਼ | 5● | 2● | 3● | 1●● |
| **ਕਾਮਰਸ ਗਰੁੱਪ (3●3) ਲਈ ਹੇਠ ਲਿਖੇ ਚਾਰ ਵਿਸ਼ੇ** | | | | | |
| 141 | ਬਿਜ਼ਨਸ ਸਟਡੀਜ਼-II | 5● | – | 25 | 75 |
| 142 | ਅਕਾਊਂਟੈਂਸੀ-II | 35 | 15 | 25 | 75 |
| 143 | ਬਿਜ਼. ਇੱਕਨ. ਐਂਡ ਕੁਆਂਟੀ. ਮੈਥਡਜ਼ | 5● | – | 25 | 75 |
| 144 | ਫੰਡਾਮੈਂਟਲ ਆਫ ਈ-ਬਿਜ਼ਨਸ | 35 | 15 | 25 | 75 |
| **ਸਾਇੰਸ ਗਰੁੱਪ (3●2) ਵਿੱਚੋਂ ਕੋਈ ਤਿੰਨ ਵਿਸ਼ੇ (ਸਿਰਫ +2 ਸਾਇੰਸ ਵਿੱਚ ਫੇਲ੍ਹ ਵਿਦਿਆਰਥੀਆਂ ਲਈ)** | | | | | |
| 52 | ਭੌਤਿਕ ਵਿਗਿਆਨ | 5● | 2● | 3● | 1●● |
| 53 | ਰਸਾਇਣ ਵਿਗਿਆਨ | 5● | 2● | 3● | 1●● |
| 54 | ਜੀਵ ਵਿਗਿਆਨ | 5● | 2● | 3● | 1●● |
| 28 | ਗਣਿਤ | 7● | – | 3● | 1●● |
| **ਮਿਸ਼ਰਿਤ ਗਰੁੱਪ (3●6) ਕੋਈ ਤਿੰਨ ਵਿਸ਼ੇ** | | | | | |
| ਇਸ ਗਰੁੱਪ ਅਧੀਨ ਵਿਦਿਆਰਥੀ ਹਿਊਮੈਨਿਟੀਜ਼ (3●1) ਅਤੇ ਸਾਇੰਸ (3●2) ਗਰੁੱਪ ਅਧੀਨ ਆਉਂਦੇ ਵਿਸ਼ਿਆਂ ਵਿੱਚੋਂ ਕੋਈ ਤਿੰਨ ਵਿਸ਼ੇ ਚੁਣ ਸਕਦਾ ਹੈ। | | | | | |

**ਨੋਟ:**

1. ਸੀਨੀਅਰ ਸੈਕੰਡਰੀ ਪੱਧਰ ਤੇ ਸਾਇੰਸ ਵਿਸ਼ੇ ਕੇਵਲ ਸਾਇੰਸ ਗਰੁੱਪ ਵਿੱਚੋਂ ਫੇਲ੍ਹ ਹੋਏ ਵਿਦਿਆਰਥੀ ਹੀ ਲੈ ਸਕਦੇ ਹਨ।
2. ਸੀਨੀਅਰ ਸੈਕੰਡਰੀ ਪੱਧਰ ਤੇ ਗਣਿਤ ਵਿਸ਼ਾ ਲੈਣ ਲਈ ਵਿਦਿਆਰਥੀ ਨੂੰ ਮੈਟ੍ਰਿਕੁਲੇਸ਼ਨ ਪੱਧਰ ਤੇ ਗਣਿਤ ਵਿਸ਼ਾ ਪਾਸ ਕਰਨਾ ਲਾਜ਼ਮੀ ਹੋਵੇਗਾ।
3. ਮਿਸ਼ਰਿਤ ਗਰੁੱਪ ਦੇ ਵਿਸ਼ੇ ਲੈਣ ਦੀ ਸੁਵਿਧਾ ਕੇਵਲ ਸਾਇੰਸ ਗਰੁੱਪ ਨਾਲ ਐਫੀਲਿਏਟਿਡ ਅਤੇ ਓਪਨ ਸਕੂਲ ਲਈ ਐਕਰੀਡਿਟਿਡ ਸਕੂਲਾਂ ਵਿੱਚ ਹੀ ਉਪਲਬਧ ਹੋਵੇਗੀ।

4. ਵਿਸ਼ਿਆਂ ਲਈ ਅੰਕ ਵੰਡ ਰੈਗੂਲਰ ਵਿਦਿਆਰਥੀਆਂ ਵਾਲੀ ਹੀ ਹੋਵੇਗੀ ਪਰ ਓਪਨ ਸਕੂਲ ਦੇ ਪ੍ਰੀਖਿਆਰਥੀਆਂ ਨੂੰ ਸੀ.ਸੀ.ਈ. ਅਧੀਨ ਵੱਖਰੇ ਤੌਰ ਤੇ ਅੰਕ ਨਹੀਂ ਦਿੱਤੇ ਜਾਣਗੇ ਸਗੋਂ ਵਿਦਿਆਰਥੀਆਂ ਵੱਲੋਂ ਵਿਸ਼ਾਵਾਰ ਪ੍ਰਾਪਤ ਅੰਕਾਂ ਨੂੰ, ਰੈਗੂਲਰ ਵਿਦਿਆਰਥੀਆਂ ਦੇ ਸੀ.ਸੀ.ਈ ਲਈ ਨਿਰਧਾਰਤ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਪ੍ਰਾਪਤ ਅੰਕ ਦਰਸਾਏ ਜਾਣਗੇ।

5. ਓਪਨ ਸਕੂਲ ਵਿਦਿਆਰਥੀਆਂ ਨੂੰ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਦੋ ਲਾਜ਼ਮੀ ਵਿਸ਼ਿਆਂ (ਵਾਤਾਵਰਣ ਸਿੱਖਿਆ ਅਤੇ ਕੰਪਿਊਟਰ ਸਾਇੰਸ) ਤੋਂ ਛੋਟ ਦਿੱਤੀ ਗਈ ਹੈ ਲੇਕਿਨ ਇਹਨਾਂ ਨੂੰ ਵਾਧੂ ਵਿਸ਼ੇ ਵਜੋਂ ਲੈ ਸਕਣ ਦਾ ਉਪਬੰਧ ਹੈ।

6. ਵਿਸ਼ਿਆਂ ਦੀ ਚੋਣ ਭਵਿੱਖ ਜਾਂ ਉਚੇਰੀ ਵਿੱਦਿਆ ਦੀ ਲੋੜ ਨੂੰ ਮੁੱਖ ਰੱਖ ਕੇ ਕੀਤੀ ਜਾਵੇ। ਬੇਸ਼ਕ ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਸੀਨੀਅਰ ਸੈਕੰਡਰੀ ਦਾ ਸਰਟੀਫ਼ਿਕੇਟ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਨੂੰ ਜਾਰੀ ਸਰਟੀਫ਼ਿਕੇਟ ਦੇ ਬਿਲਕੁਲ ਬਰਾਬਰ ਹੈ ਅਤੇ ਉਚੇਰੀ ਵਿੱਦਿਆ ਲਈ ਦਾਖਲੇ ਦੇ ਯੋਗ ਹੈ ਪਰ ਜੇਕਰ ਕਿਸੇ ਤਕਨੀਕੀ ਜਾਂ ਵਿਸ਼ੇਸ਼ ਕਿੱਤੇ ਦੇ ਕੋਰਸਾਂ ਲਈ ਗਿਆਰਵੀਂ ਅਤੇ ਬਾਰ੍ਹਵੀਂ ਵਿੱਚ ਰੈਗੂਲਰ ਪੜ੍ਹਾਈ ਦੀ ਸ਼ਰਤ ਹੋਵੇ ਤਾਂ ਉਸ ਨੂੰ ਦਾਖਲਾ ਲੈਣ ਤੋਂ ਪਹਿਲਾਂ ਧਿਆਨ ਵਿੱਚ ਰੱਖਿਆ ਜਾਵੇ।

7. **ਤਾਜ਼ਾ ਸਥਿਤੀ ਅਤੇ ਪਾਠ-ਕ੍ਰਮ ਵੇਖਣ ਲਈ ਬੋਰਡ ਦੀ ਵੈਬ-ਸਾਈਟ www.pseb.ac.in ਵੇਖੀ ਜਾਵੇ।**

## 8. ਵਾਧੂ ਵਿਸ਼ੇ

ਪੜ੍ਹਾਈ ਸਕੀਮ ਵਿੱਚ ਦਰਜ ਨਿਯਮਾਂ ਅਨੁਸਾਰ ਚੁਣੇ ਗਏ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਇਸ ਪੜ੍ਹਾਈ ਸਕੀਮ ਵਿੱਚ ਦਰਸਾਏ ਗਏ ਵਿਸ਼ਿਆਂ ਵਿੱਚ ਵੱਧ ਤੋਂ ਵੱਧ ਦੋ ਵਿਸ਼ੇ ਬਤੌਰ 'ਵਾਧੂ ਵਿਸ਼ਾ' ਲੈ ਸਕਦਾ ਹੈ। ਇਹਨਾਂ ਵਾਧੂ ਵਿਸ਼ਿਆਂ ਦੇ ਅੰਕ ਸਰਟੀਫ਼ਿਕੇਟ ਵਿੱਚ ਤਾਂ ਦਰਸਾਏ ਜਾਣਗੇ ਪਰ ਇਹਨਾਂ ਵਿਚਲੀ ਪ੍ਰਾਪਤੀ ਦਾ ਪਾਸ ਫਾਰਮੂਲੇ ਜਾਂ ਰੀਅਪੀਅਰ ਤੇ ਕੋਈ ਪ੍ਰਭਾਵ ਨਹੀਂ ਪਵੇਗਾ।

ਨੋਟ: 1. **ਕੰਪਿਊਟਰ ਸਾਇੰਸ (145) ਅਤੇ ਵਾਤਾਵਰਨ ਸਿੱਖਿਆ (139) ਦੇ ਵਿਸ਼ੇ ਵੀ ਵਿਦਿਆਰਥੀ ਵੱਲੋਂ ਵਾਧੂ ਵਿਸ਼ੇ ਵਜੋਂ ਲਏ ਜਾ ਸਕਦੇ ਹਨ ਲੇਕਿਨ ਇਹਨਾਂ ਵਿਸ਼ਿਆਂ ਦਾ ਨਤੀਜਾ ਰੈਗੂਲਰ ਵਿਦਿਆਰਥੀਆਂ ਦੀ ਤਰ੍ਹਾਂ ਗਰੇਡ ਵਿੱਚ ਦਰਸਾਇਆ ਜਾਵੇਗਾ।**

2. **ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ/ਪਾਠਕ/ਲੈਬੋਰਟਰੀ ਸਹਾਇਕ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਅਰਜ਼ੀ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫ਼ਸਰ ਕੋਲੋਂ ਡਾਕਟਰੀ ਸਰਟੀਫ਼ਿਕੇਟ ਸਰਟੀਫਾਈ ਕਰਾ ਕੇ ਆਪਣੇ ਦਾਖਲਾ ਤੇ ਪਰੀਖਿਆ ਫਾਰਮ ਨਾਲ ਭੇਜਣ।**

## 9. ਕਰੈਡਿਟ ਕੈਰੀ ਸੁਵਿਧਾ

ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ (NIOS)ਦਾ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕਰੈਡਿਟ ਕੈਰੀ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਦੀ ਸੁਵਿਧਾ ਲੈ ਸਕਦਾ ਹੈ:-

9.1 ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਫੇਲ੍ਹ ਹੋ ਚੁੱਕਾ ਹੋਵੇ ਜਾਂ ਉਸ ਵਿੱਚ ਪ੍ਰਾਪਤ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।

ਇਹ ਸ਼ਰਤ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਅਧਿਐਨ ਕੇਂਦਰ ਦੇ ਵਿਦਿਆਰਥੀ ਤੇ ਵੀ ਇੰਨ-ਬਿੰਨ ਲਾਗੂ ਹੈ।

9.2 ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਐਨ.ਆਈ.ਓ.ਐਸ. ਦੇ ਪੰਜਾਬ ਰਾਜ ਅੰਦਰ ਸਥਿਤ ਅਧਿਐਨ ਕੇਦਰਾਂ ਦੇ ਫੇਲ੍ਹ ਵਿਦਿਆਰਥੀ ਪਾਸ ਕਰ ਚੁੱਕੇ ਵਿਸ਼ਿਆਂ ਵਿੱਚੋਂ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਲੈ ਸਕਦੇ ਹਨ ਇਹ ਲਾਭ ਦਾਖ਼ਲੇ ਵਾਲੇ ਸ਼ੈਸ਼ਨ ਤੋਂ ਪਿਛਲੇ ਪੰਜ ਅਕਾਦਮਿਕ ਸਾਲਾਂ ਵਿੱਚ ਬੋਰਡ ਦੁਆਰਾ ਆਯੋਜਿਤ ਪਰੀਖਿਆਵਾਂ ਲਈ ਹੀ ਦਿੱਤਾ ਜਾਵੇਗਾ ਭਾਵ ਸ਼ੈਸ਼ਨ 2014-15 ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਅਕਾਦਮਿਕ ਸਾਲ 2009-10 ਲਈ ਲਈਆਂ ਪਰੀਖਿਆਵਾਂ ਅਤੇ ਉਸ ਤੋਂ ਬਾਅਦ ਵਾਲੀਆਂ ਪਰੀਖਿਆਵਾਂ ਲਈ ਹੀ ਲਾਭ ਲੈ ਸਕਣਗੇ।

9.3 ਉਹਨਾਂ ਵਿਸ਼ਿਆਂ ਲਈ ਹੀ ਕਰੈਡਿਟ ਕੈਰੀ ਦਾ ਲਾਭ ਦਿੱਤਾ ਜਾਵੇਗਾ ਜਿਹੜੇ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ 'ਪੰਜਾਬ ਓਪਨ ਸਕੂਲ' ਸਿੱਖਿਆ ਪ੍ਰਣਾਲੀ ਦੁਆਰਾ ਲਾਗੂ ਸਕੀਮ ਆਫ ਸਟਡੀਜ਼ ਵਿੱਚ ਦਰਜ ਹੋਣਗੇ ਅਤੇ

ਜਿਹੜੇ ਵਿਸ਼ਿਆਂ ਦੀ ਪਰੀਖਿਆ ਬੋਰਡ ਵੱਲੋਂ ਲਈ ਗਈ ਹੋਵੇ ਅਤੇ ਪਾਸ ਵੀ ਕੀਤੀ ਹੋਵੇ, ਉਸ ਵਿਸ਼ੇ ਦਾ ਨਤੀਜਾ ਅੰਕਾਂ ਵਿੱਚ ਘੋਸ਼ਿਤ ਹੋਇਆ ਹੋਵੇ।

9.4 ਕਰੈਡਿਟ ਕੈਰੀ ਕਰਨ ਵਾਲੇ ਵਿਸ਼ਿਆਂ ਦੀ ਚੋਣ ਵਿਦਿਆਰਥੀ ਦੁਆਰਾ ਹੀ ਕੀਤੀ ਜਾਵੇਗੀ।

9.5 ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਦੇ ਵਿਦਿਆਰਥੀ ਨੂੰ ਲਾਜ਼ਮੀ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ। ਇਹ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕਰਨੇ ਲਾਜ਼ਮੀ ਹੋਣਗੇ ਪਰੰਤੂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀਆਂ ਨੂੰ ਇਹ ਲਾਭ ਵੀ ਪ੍ਰਾਪਤ ਹੋਵੇਗਾ।

9.6 ਕਰੈਡਿਟ ਕੈਰੀ ਲਈ ਜੇਕਰ ਪਹਿਲਾਂ ਪਾਸ ਕੀਤੇ ਵਿਸ਼ਿਆਂ ਦੇ ਅੰਕ ਸਮੈਸਟਰ ਪ੍ਰਣਾਲੀ ਅਧੀਨ ਪ੍ਰਾਪਤ ਕੀਤੇ ਹਨ ਤਾਂ ਦੋਵੇਂ ਸਮੈਸਟਰਾਂ ਲਈ ਪ੍ਰਾਪਤ ਕੀਤੇ ਕੁਲ ਅੰਕਾਂ ਨੂੰ ਸਾਲਾਨਾ ਪਰੀਖਿਆ ਦੇ ਅੰਕਾਂ ਅਨੁਸਾਰ ਅਨੁਪਾਤ ਵਿੱਚ ਤਬਦੀਲ ਕਰਕੇ ਦਰਸਾਇਆ ਜਾਵੇਗਾ। ਇਸੇ ਤਰ੍ਹਾਂ ਜੇਕਰ ਪੁਰਾਣੇ ਸਾਲਾਂ ਦੇ ਸਾਲਾਨਾ ਪਰੀਖਿਆ ਵਾਲੇ ਵਿਦਿਆਰਥੀਆਂ ਨੂੰ ਕਰੈਡਿਟ ਕੈਰੀ ਲੈਣ ਵਾਲੇ ਵਿਸ਼ਿਆਂ ਦੀ ਅੰਕ ਵੰਡ ਵਿੱਚ ਕੋਈ ਫਰਕ ਹੋਵੇ ਤਾਂ ਉਸ ਨੂੰ ਮੌਜੂਦਾ ਅੰਕ ਅਨੁਸਾਰ ਅਨੁਪਾਤ ਵਿੱਚ ਵਧਾ/ਘਟਾ ਕੇ ਦਰਸਾਇਆ ਜਾਵੇਗਾ। ਜੇਕਰ ਇਸ ਵੰਡ ਵਿੱਚ ਅੰਕ ਪੂਰੇ ਨਹੀਂ ਵੰਡੇ ਜਾਂਦੇ ਤਾਂ ਉਹਨਾਂ ਨੂੰ ਰਾਊਂਡਿੰਗ ਕਰਕੇ ਪੂਰੇ ਨੰਬਰ ਲਗਾਏ ਜਾਣਗੇ। ਪਰ ਰਾਊਂਡਿੰਗ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇਗਾ ਕਿ ਅੰਕਾਂ ਦਾ ਜੋੜ ਪਹਿਲਾਂ ਪ੍ਰਾਪਤ ਕੀਤੇ ਅੰਕਾਂ ਦੇ ਬਰਾਬਰ ਹੀ ਰਹੇ।

## 10. ਸਿੱਖਿਆ ਵਿਧੀ

10.1 **ਪਾਠ-ਕ੍ਰਮ:** ਓਪਨ ਸਕੂਲ ਦੀ ਪੜ੍ਹਾਈ ਸਕੀਮ ਅਧੀਨ ਵੱਖ-ਵੱਖ ਵਿਸ਼ਿਆਂ ਲਈ ਉਹੀ ਪਾਠ-ਕ੍ਰਮ ਲਾਗੂ ਹੋਵੇਗਾ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਹੈ। ਸਮੇਂ-ਸਮੇਂ ਬੋਰਡ ਦੁਆਰਾ ਇਸ ਵਿੱਚ ਕੀਤੀ ਤਬਦੀਲੀ ਓਪਨ ਸਕੂਲ ਦੀ ਸੀਨੀਅਰ ਸੈਕੰਡਰੀ ਪਰੀਖਿਆ ਲਈ ਵੀ ਲਾਗੂ ਹੋਵੇਗੀ। **ਇਹ ਪਾਠ-ਕ੍ਰਮ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਹੋਵੇਗਾ।**

10.2 **ਪਾਠ ਸਮੱਗਰੀ:** ਵਿਦਿਆਰਥੀਆਂ ਨੂੰ ਅਗਵਾਈ ਦੇਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਵਿਸ਼ਾ ਵਾਰ ਪ੍ਰਕਾਸ਼ਿਤ ਪਾਠ-ਸਮੱਗਰੀ ਦਿੱਤੀ ਜਾਵੇਗੀ, ਜੋ ਵਿਦਿਆਰਥੀ ਆਪਣੇ ਅਧਿਐਨ ਕੇਂਦਰ ਤੋਂ ਆਪ ਜਾ ਕੇ ਪ੍ਰਾਪਤ ਕਰੇਗਾ। ਬੋਰਡ ਵੱਲੋਂ ਵਿਦਿਆਰਥੀ ਨੂੰ ਡਾਕ ਰਾਹੀਂ ਸਿੱਧੀ ਪਾਠ-ਸਮੱਗਰੀ ਨਹੀਂ ਭੇਜੀ ਜਾਵੇਗੀ।

ਨੋਟ : **ਵਿਦਿਆਰਥੀਆਂ ਦੀ ਘੱਟ ਗਿਣਤੀ ਹੋਣ ਕਾਰਣ ਅਕਾਦਮਿਕ ਸਾਲ 2014-15 ਲਈ ਕੰਪਿਊਟਰ ਐਪਲੀਕੇਸ਼ਨਜ਼, ਗਣਿਤ, ਭੂਗੋਲ ਅਤੇ ਮੀਡੀਆ ਸਟਡੀਜ਼ ਦੀ ਪਾਠ-ਸਮੱਗਰੀ ਬੋਰਡ ਵੱਲੋਂ ਮੁਹੱਈਆ ਨਹੀਂ ਕਰਵਾਈ ਜਾਵੇਗੀ। ਵਿਦਿਆਰਥੀ ਬੋਰਡ ਵਲੋਂ ਸਿਫਾਰਸ਼ ਕੀਤੀਆਂ ਪੁਸਤਕਾਂ ਦੇ ਆਧਾਰ ਤੇ ਹੀ ਪੜ੍ਹਾਈ ਕਰਨਗੇ। ਅਧਿਐਨ ਕੇਂਦਰ ਮੁਖੀ ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਇਹਨਾਂ ਵਿਸ਼ਿਆਂ ਦੀ ਪੜ੍ਹਾਈ ਰੈਗੂਲਰ ਵਿਦਿਆਰਥੀਆਂ ਦੀ ਤਰਜ਼ ਤੇ ਹੀ ਕਰਵਾਉਣਗੇ।**

10.3 **ਆਂਤਰਿਕ-ਮੁਲਾਂਕਣ-ਪੱਤਰ:** ਹਰੇਕ ਵਿਸ਼ੇ ਦੀ ਪਾਠ-ਸਮੱਗਰੀ ਦੇ ਅੰਤ ਵਿੱਚ ਦੋ ਆਂਤਰਿਕ-ਮੁਲਾਂਕਣ-ਪੱਤਰ ਹੋਣਗੇ। ਵਿਦਿਆਰਥੀ ਇਹਨਾਂ ਦੇ ਉੱਤਰ ਲਿਖਣ ਉਪਰੰਤ ਸੰਬੰਧਿਤ ਅਧਿਐਨ ਕੇਂਦਰਾਂ ਵਿੱਚ ਹੇਠ ਲਿਖੀਆਂ ਮਿਤੀਆਂ ਤੱਕ ਜਮ੍ਹਾਂ ਕਰਵਾਏਗਾ:-

| | |
|---|---|
| **ਪਹਿਲਾਂ ਮੁਲਾਂਕਣ-ਪੱਤਰ** | **22 ਨਵੰਬਰ, 2014** |
| **ਦੂਸਰਾ ਮੁਲਾਂਕਣ-ਪੱਤਰ** | **31 ਜਨਵਰੀ, 2014** |

ਇਹਨਾਂ ਪੱਤਰਾਂ ਦਾ ਮੁਲਾਂਕਣ ਕਰਨ ਉਪਰੰਤ ਅਧਿਐਨ ਕੇਂਦਰਾਂ ਦੇ ਸੰਬੰਧਿਤ ਅਧਿਆਪਕ ਵਿਦਿਆਰਥੀ ਨੂੰ ਟਿੱਪਣੀ ਸਹਿਤ ਅਗਵਾਈ ਦੇਣਗੇ।

10.4 **ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.)** : ਵਿਦਿਆਰਥੀ ਨੂੰ ਅਗਵਾਈ ਦੇਣ ਹਿੱਤ ਅਤੇ ਵਿਦਿਅਕ ਔਕੜਾਂ ਦੂਰ ਕਰਨ ਲਈ ਦਾਖ਼ਲੇ ਵਾਲੇ ਸਾਲ ਵਿੱਚ 30 ਦਿਨਾਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਲਗਾਏ ਜਾਣਗੇ। **ਪਹਿਲਾ 12 ਦਿਨਾਂ ਲਈ ਸਤੰਬਰ ਤੋਂ ਨਵੰਬਰ ਮਹੀਨੇ ਵਿੱਚ ਅਤੇ ਦੂਜਾ 18 ਦਿਨਾਂ ਲਈ ਦਸੰਬਰ-ਜਨਵਰੀ ਮਹੀਨੇ ਸਕੂਲ ਸਮੇਂ ਤੋਂ ਬਾਅਦ ਜਾਂ ਐਤਵਾਰ ਜਾਂ ਛੁੱਟੀਆਂ ਵਾਲੇ ਦਿਨ ਲਗਾਏ ਜਾਣਗੇ।**

ਮਿਤੀਆਂ, ਸਮਾਂ ਅਤੇ ਟਾਈਮ ਟੇਬਲ ਅਧਿਐਨ ਕੇਂਦਰ ਦੁਆਰਾ ਨਿਰਧਾਰਤ ਕੀਤਾ ਜਾਵੇਗਾ। ਇਸ ਦੀ ਅਗੇਤੀ ਸੂਚਨਾ ਬੋਰਡ ਨੂੰ ਭੇਜੀ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਵੀ ਸੂਚਿਤ ਕੀਤਾ ਜਾਵੇਗਾ। ਇਸ ਦੌਰਾਨ ਹੇਠ ਲਿਖੇ ਅਨੁਸਾਰ ਪ੍ਰਮੁੱਖ ਕਾਰਜ ਕੀਤੇ ਜਾਣਗੇ :-

(ੳ) ਓਪਨ ਸਕੂਲ ਸਿੱਖਿਆ ਪ੍ਰਣਾਲੀ ਸੰਬੰਧੀ ਅਗਵਾਈ।

(ਅ) ਪਾਠ-ਸਮੱਗਰੀ ਦੀ ਵੰਡ।

(ੲ) ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਵਿੱਚ ਰਹਿ ਗਈਆਂ ਘਾਟਾਂ ਸੰਬੰਧੀ ਜਾਣਕਾਰੀ ਦੇਣੀ।

(ਸ) ਵੱਖ-ਵੱਖ ਵਿਸ਼ਿਆਂ ਦੇ ਲਿਖਤੀ ਪਾਠ-ਕ੍ਰਮ ਅਨੁਸਾਰ ਅਗਵਾਈ।

(ਹ) ਵੱਖ-ਵੱਖ ਵਿਸ਼ਿਆਂ ਦੇ ਪ੍ਰਯੋਗੀ ਪਾਠ-ਕ੍ਰਮ ਲਈ ਅਧਿਐਨ ਕੇਂਦਰ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਨਾ ਅਤੇ ਉਹਨਾਂ ਸੰਬੰਧੀ ਰਿਕਾਰਡ, ਪ੍ਰਯੋਗੀ ਕਾਪੀ ਦੀ ਤਿਆਰੀ ਆਦਿ।

(ਕ) ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ-ਅਕਾਦਮਿਕ ਵਿਕਾਸ ਹਿੱਤ ਵੱਖ-ਵੱਖ ਕਿਰਿਆਵਾਂ ਦਾ ਆਯੋਜਨ।

(ਖ) ਦਾਖਲੇ ਦੌਰਾਨ ਅਤੇ ਪਰੀਖਿਆ ਫ਼ੀਸ ਦੀ ਪ੍ਰਾਪਤੀ ਸਮੇਂ, ਦਾਖਲਾ/ਪਰੀਖਿਆ ਫਾਰਮਾਂ ਆਦਿ ਵਿੱਚ ਰਹਿ ਗਈਆਂ ਊਣਤਾਈਆਂ ਦੂਰ ਕਰਨਾ।

(ਗ) ਮੁਲਾਂਕਣ-ਪੱਤਰ ਦਾ ਵਿਸ਼ਲੇਸ਼ਣ ਅਤੇ ਉਸ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ ਦੇਣਾ।

(ਘ) ਬੋਰਡ ਦੀ ਪਰੀਖਿਆ ਤੋਂ ਪਹਿਲਾਂ ਸੰਪੂਰਨ ਪਾਠ-ਕ੍ਰਮ ਉੱਤੇ ਅਧਾਰਿਤ ਅੰਦਰੂਨੀ ਟੈਸਟ ਅਤੇ ਟੈਸਟ ਵਿੱਚ ਪ੍ਰਾਪਤੀ ਦੇ ਆਧਾਰ ਤੇ ਅਗਵਾਈ ਦੇਣਾ।

(ਙ) ਪਰੀਖਿਆ ਵਿੱਚ ਸਫਲਤਾ ਲਈ ਸੁਝਾਅ।

10.5 **ਅੰਦਰੂਨੀ ਟੈਸਟ**: ਵਿਦਿਆਰਥੀਆਂ ਦੀ ਪਰੀਖਿਆ ਪ੍ਰਤੀ ਪਰਿਪੱਕਤਾ ਅਤੇ ਸਵੈ-ਮੁਲਾਂਕਣ ਹਿੱਤ ਅਧਿਐਨ ਕੇਂਦਰ ਵੱਲੋਂ ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਦੋ ਅੰਦਰੂਨੀ ਟੈਸਟ ਹੇਠ ਅਨੁਸਾਰ ਆਯੋਜਿਤ ਕੀਤੇ ਜਾਣਗੇ:-

**ਪਹਿਲਾ ਟੈਸਟ ਨਵੰਬਰ ਅਤੇ ਦੂਜਾ ਟੈਸਟ ਜਨਵਰੀ ਦੇ ਮਹੀਨੇ।**

10.6 **ਹਾਜ਼ਰੀਆਂ**: ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਪ੍ਰਯੋਗੀ ਵਿਸ਼ਿਆਂ ਵਿੱਚ 75% ਅਤੇ ਲਿਖਤੀ ਵਿਸ਼ਿਆਂ ਵਿੱਚ 50% ਹਾਜ਼ਰੀਆਂ ਲਾਜ਼ਮੀ ਹਨ। ਹਾਜ਼ਰੀ ਘੱਟ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਉਮੀਦਵਾਰੀ ਹੱਕ ਰੱਦ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਹਾਲਤਾਂ ਵਿੱਚ ਵਿਚ ਹਾਜ਼ਰੀਆਂ ਸੰਬੰਧੀ ਛੋਟ ਲੈਣ ਹਿੱਤ ਅਗੇਤੀ ਪ੍ਰਵਾਨਗੀ ਲਈ ਵਿਦਿਆਰਥੀ ਆਪਣੀ ਪ੍ਰਤੀ ਬੇਨਤੀ ਅਧਿਐਨ ਕੇਂਦਰ ਰਾਹੀਂ ਉਪ ਡਾਇਰੈਕਟਰ, ਓਪਨ ਸਕੂਲ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਸਕਦਾ ਹੈ।

10.7 **ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ**: ਵਿਦਿਆਰਥੀ ਆਪਣੇ ਅਧਿਐਨ ਕੇਂਦਰ ਦੀ ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ ਦੀ ਲੋੜ ਅਨੁਸਾਰ ਵਰਤੋਂ ਕਰ ਸਕਦਾ ਹੈ।

10.8 **ਇਲੈਕਟ੍ਰਾਨਿਕ ਮਾਧਿਅਮ ਰਾਹੀਂ ਅਗਵਾਈ**: ਬੋਰਡ ਦੁਆਰਾ ਵਿਦਿਆਰਥੀਆਂ ਨੂੰ ਸੂਚਨਾ ਅਤੇ ਅਗਵਾਈ ਹਿੱਤ ਅਖ਼ਬਾਰਾਂ, ਸੰਚਾਰ ਮਾਧਿਅਮਾਂ : ਰੇਡੀਓ, ਟੈਲੀਵਿਜ਼ਨ, ਐਜੂ ਸੈੱਟ, ਆਡੀਓ ਅਤੇ ਵੀਡੀਓ ਕੈਸੇਟਸ ਅਤੇ ਸੀ.ਡੀ. ਆਦਿ ਦੀ ਵਰਤੋਂ ਲਈ ਸੰਭਵ ਸੁਵਿਧਾ ਪ੍ਰਦਾਨ ਕਰਨ ਦੀ ਯੋਜਨਾ ਹੈ।

10.9 **ਸਹਿ ਅਕਾਦਮਿਕ ਵਿਕਾਸ**:ਓਪਨ ਸਕੂਲ ਦੇ ਵਿਦਿਆਰਥੀ ਚਲਦੇ ਅਕਾਦਮਿਕ ਵਰ੍ਹੇ ਦੌਰਾਨ ਆਪਣੇ ਅਧਿਐਨ ਕੇਂਦਰ ਰਾਹੀਂ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਸਕੂਲਾਂ ਦੇ ਵਿੱਦਿਅਕ ਅਤੇ ਮਾਨਸਿਕ ਵਿਕਾਸ ਹਿੱਤ ਆਯੋਜਿਤ ਸਹਿ-ਅਕਾਦਮਿਕ ਕਿਰਿਆਵਾਂ ਵਿੱਚ ਭਾਗ ਲੈ ਸਕਣਗੇ।

10.10 **ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ**: ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਾਜ ਵਿੱਚ ਸਿੱਖਿਆ ਵਿਭਾਗ ਦੁਆਰਾ ਆਯੋਜਿਤ ਖੇਡ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ ਦੇਣ ਹਿੱਤ ਯੋਜਨਾ ਉਲੀਕੀ ਜਾ ਰਹੀ ਹੈ।

## 11. ਪਰੀਖਿਆ ਨਿਯਮ :

11.1 **ਪਰੀਖਿਆ ਆਯੋਜਨ:** ਬੋਰਡ ਦੁਆਰਾ ਹਰ ਸੈਸ਼ਨ ਵਿੱਚ ਰੈਗੂਲਰ ਵਿਦਿਆਰਥੀਆਂ ਦੇ ਨਾਲ ਹੀ ਸਾਲਾਨਾ ਪਰੀਖਿਆ ਲਈ ਜਾਵੇਗੀ। ਸਾਲਾਨਾ ਪਰੀਖਿਆ ਮਾਰਚ-ਅਪਰੈਲ ਅਤੇ ਅਨੁਪੂਰਕ ਪਰੀਖਿਆ ਅਗਸਤ-ਸਤੰਬਰ ਵਿੱਚ ਆਯੋਜਿਤ ਕੀਤੀ ਜਾਵੇਗੀ।

11.2 **ਪਰੀਖਿਆ ਦਾ ਮਾਧਿਅਮ:** ਓਪਨ ਸਕੂਲ ਵਿੱਚ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੋਵੇਗਾ। ਬੋਰਡ ਦੁਆਰਾ ਪਾਠ-ਸਮੱਗਰੀ ਅਤੇ ਅਧਿਐਨ ਕੇਂਦਰਾਂ ਵਿੱਚ ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਅਗਵਾਈ ਪੰਜਾਬੀ ਮਾਧਿਅਮ ਵਿੱਚ ਹੀ ਦਿੱਤੀ ਜਾਵੇਗੀ। ਪਰੀਖਿਆ ਦਾ ਮਾਧਿਅਮ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਜਿਵੇਂ ਕਿ ਪੰਜਾਬੀ/ਹਿੰਦੀ/ਅੰਗਰੇਜ਼ੀ ਕੋਈ ਵੀ ਰੱਖ ਸਕਦਾ ਹੈ। ਮਾਧਿਅਮ ਕੋਡ ਇਸ ਪ੍ਰਕਾਰ ਹਨ:-

**ਪੰਜਾਬੀ 201 ਹਿੰਦੀ 202 ਅੰਗਰੇਜ਼ੀ 203**

11.3 **ਪਰੀਖਿਆ ਮਿਤੀ ਅਤੇ ਸਮਾਂ:** ਬੋਰਡ ਦੁਆਰਾ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਸਾਲਾਨਾ ਅਤੇ ਅਨੁਪੂਰਕ (ਰੀਅਪੀਅਰ) ਪਰੀਖਿਆ ਰੈਗੂਲਰ ਵਿਦਿਆਰਥੀਆਂ ਲਈ ਆਯੋਜਿਤ ਕੀਤੀ ਜਾਣ ਵਾਲੀ ਪਰੀਖਿਆ ਦੇ ਨਾਲ ਹੀ ਲਈ ਜਾਵੇਗੀ। ਇਹਨਾਂ ਪਰੀਖਿਆਵਾਂ ਲਈ ਡੇਟਸ਼ੀਟ ਬੋਰਡ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

11.4 **ਪਰੀਖਿਆ ਫ਼ੀਸ:** ਓਪਨ ਸਕੂਲ ਪ੍ਰਣਾਲੀ ਦੇ ਉਮੀਦਵਾਰਾਂ ਦੀ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਲਈ ਨਿਰਧਾਰਤ ਦਰਾਂ ਅਤੇ ਮਿਤੀਆਂ ਅਨੁਸਾਰ ਅਧਿਐਨ ਕੇਂਦਰ ਰਾਹੀਂ ਜਮ੍ਹਾਂ ਕੀਤੀ ਜਾਵੇਗੀ। ਇਸ ਬਾਰੇ ਸੰਬੰਧਤ ਅਧਿਐਨ ਕੇਂਦਰ ਪਾਸੋਂ ਸੂਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ। ਵਾਧੂ ਵਿਸ਼ਾ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਵਾਲੀ ਹੀ ਹੋਵੇਗੀ।

11.5 **ਪਰੀਖਿਆ ਲਈ ਯੋਗਤਾ** : ਬੋਰਡ ਦੀ ਸਾਲਾਨਾ ਪਰੀਖਿਆ ਦੇਣ ਲਈ ਹੇਠ ਲਿਖੇ ਅਨੁਸਾਰ ਯੋਗਤਾਵਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਯੋਗ ਹੋਣਗੇ:

(i) ਦਾਖਲੇ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਹੋਣ ਦੇ ਸਬੂਤ ਵੱਜੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਦਿੱਤੇ ਹੋਣ।

(ii) ਨਿਯਮਾਂ ਅਨੁਸਾਰ ਬਣਦੀ ਦਾਖ਼ਲਾ, ਪਰੀਖਿਆ, ਰਜਿਸਟ੍ਰੇਸ਼ਨ ਆਦਿ ਫ਼ੀਸਾਂ ਜਮ੍ਹਾਂ ਕਰਵਾ ਦਿੱਤੀਆਂ ਹੋਣ।

(iii) ਅਧਿਐਨ ਕੇਂਦਰ ਦੁਆਰਾ ਆਯੋਜਿਤ ਵਿਅਕਤੀਗਤ ਸੰਪਰਕ ਪ੍ਰੋਗਰਾਮਾਂ ਵਿੱਚ ਨਿਯਮਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਹੋਣ।

(iv) ਪਾਠ ਸਮੱਗਰੀ ਵਿੱਚ ਸ਼ਾਮਿਲ ਮੁਲਾਂਕਣ ਪੱਤਰਾਂ ਦੀਆਂ ਉੱਤਰ-ਕਾਪੀਆਂ ਅਧਿਐਨ ਕੇਂਦਰ ਵਿੱਚ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾ ਦਿੱਤੀਆਂ ਗਈਆਂ ਹੋਣ।

ਉਪਰੋਕਤ ਵਿੱਚੋਂ ਕੋਈ ਇੱਕ ਵੀ ਸ਼ਰਤ ਪੂਰੀ ਨਾ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸ ਦੀ ਪਰੀਖਿਆ ਸੰਬੰਧੀ ਪਾਤਰਤਾ ਵੀ ਰੱਦ ਕੀਤੀ ਜਾ ਸਕਦੀ ਹੈ।

## 12. ਪਾਸ ਫ਼ਾਰਮੂਲਾ :

ਪਰੀਖਿਆ ਪਾਸ ਕਰਨ ਲਈ ਓਪਨ ਸਕੂਲ ਦੇ ਪਰੀਖਿਆਰਥੀ ਨੂੰ ਪੰਜਾਬੀ ਤੇ ਅੰਗਰੇਜ਼ੀ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਹਿਊਮੈਨਿਟੀਜ਼, ਸਾਇੰਸ ਅਤੇ ਮਿਸ਼ਰਤ ਗਰੁੱਪ ਵਿੱਚ ਚੁਣੇ ਗਏ ਤਿੰਨ ਅਤੇ ਕਾਮਰਸ ਗਰੁੱਪ ਵਿਚਲੇ ਚਾਰੇ ਵਿਸ਼ਿਆਂ ਵਿੱਚੋਂ ਪਾਸ ਹੋਣਾ ਲਾਜ਼ਮੀ ਹੋਵੇਗਾ। ਓਪਨ ਸਕੂਲ ਦੇ ਪਰੀਖਿਆਰਥੀਆਂ ਨੂੰ ਆਂਤਰਿਕ ਮੁਲਾਂਕਣ/ਸੀ.ਸੀ.ਈ. ਅਧੀਨ ਵੱਖਰੇ ਤੌਰ ਤੇ ਅੰਕ ਨਹੀਂ ਦਿੱਤੇ ਜਾਣਗੇ। ਇਹਨਾਂ ਪਰੀਖਿਆਰਥੀਆਂ ਵੱਲੋਂ ਲਿਖਤੀ ਪਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਰੈਗੂਲਰ ਵਿਦਿਆਰਥੀਆਂ ਲਈ ਵਿਸ਼ਾਵਾਰ ਸੀ.ਸੀ.ਈ. ਅਧੀਨ ਰੱਖੇ ਅੰਕਾਂ ਦੇ ਅਨੁਪਾਤ ਵਿੱਚ ਵਧਾ ਕੇ ਕੁਲ ਪ੍ਰਾਪਤ ਅੰਕ ਦਰਸਾਏ ਜਾਣਗੇ।

ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੇ ਨਾਲ ਗਰੇਡ ਵੀ ਦਰਸਾਏ ਜਾਣਗੇ ਜੋ ਹੇਠ ਲਿਖੇ ਅਨੁਸਾਰ ਹੋਣਗੇ:-

| **ਲੜੀ ਨੰ:** | **ਅੰਕ** | **ਗਰੇਡ** |
|---|---|---|
| 1 | 90% ਅਤੇ ਇਸ ਤੋਂ ਉਪਰ | ਓ ਗਰੇਡ (ਅਤਿ ਉੱਤਮ) |
| 2 | 75% ਅਤੇ ਇਸ ਤੋਂ ਉਪਰ ਪਰੰਤੂ 90% ਤੋਂ ਘੱਟ | ਏ ਗਰੇਡ (ਉੱਤਮ) |
| 3 | 60% ਅਤੇ ਇਸ ਤੋਂ ਉਪਰ ਪਰੰਤੂ 75% ਤੋਂ ਘੱਟ | ਬੀ ਗਰੇਡ (ਬਹੁਤ ਅੱਛਾ) |
| 4 | 45% ਅਤੇ ਇਸ ਤੋਂ ਉਪਰ ਪਰੰਤੂ 60% ਤੋਂ ਘੱਟ | ਸੀ ਗਰੇਡ (ਅੱਛਾ) |
| 5 | 33% ਅਤੇ ਇਸ ਤੋਂ ਉਪਰ ਪਰੰਤੂ 45% ਤੋਂ ਘੱਟ | ਡੀ ਗਰੇਡ (ਔਸਤ) |
| 6 | 33% ਤੋਂ ਘੱਟ | ਈ ਗਰੇਡ (ਅਸੰਤੋਸ਼ਜਨਕ) |

12.1 **ਪਾਸ ਅੰਕ**: ਕਿਸੇ ਵੀ ਵਿਸ਼ੇ ਵਿੱਚੋਂ ਪਾਸ ਹੋਣ ਲਈ ਘੱਟੋ-ਘੱਟ 33% ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ। ਜਿਹੜੇ ਵਿਸ਼ੇ ਵਿੱਚ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰ ਹੋਣਗੇ, ਉਹਨਾਂ ਵਿੱਚ ਪਾਸ ਹੋਣ ਲਈ ਵਿਦਿਆਰਥੀ ਨੂੰ ਲਿਖਤੀ ਅਤੇ ਪ੍ਰਯੋਗੀ ਦੋਵੇਂ ਪੇਪਰਾਂ ਵਿੱਚ ਵੱਖੋ-ਵੱਖਰੇ 33% ਅੰਕ ਪ੍ਰਾਪਤ ਕਰਨੇ ਪੈਣਗੇ।

12.2 **ਪਰੀਖਿਆ ਪਾਸ ਕਰਨ ਦੇ ਮੌਕੇ**: ਵਿਦਿਆਰਥੀ ਨੂੰ ਪਰੀਖਿਆ ਪਾਸ ਕਰਨ ਲਈ ਦਾਖਲੇ ਉਪਰੰਤ 7 ਮੌਕੇ ਦਿੱਤੇ ਜਾਣਗੇ। ਪਹਿਲਾ ਮੌਕਾ ਦਾਖਲੇ ਵਾਲੇ ਅਕਾਦਮਿਕ ਸਾਲ ਦੀ ਸਾਲਾਨਾ ਪਰੀਖਿਆ (ਮਾਰਚ) ਦੌਰਾਨ ਦਿੱਤਾ ਜਾਵੇਗਾ। ਇਸ ਮੌਕੇ ਵਿੱਚ ਪਰੀਖਿਆਰਥੀ ਨੂੰ ਕਰੈਡਿਟ ਕੈਰੀ ਕੀਤੇ ਗਏ ਵਿਸ਼ਿਆਂ ਤੋਂ ਇਲਾਵਾ ਚੁਣੇ ਗਏ ਵਿਸ਼ਿਆਂ ਵਿੱਚ ਘੱਟੋ-ਘੱਟ ਇੱਕ ਵਿਸ਼ਾ ਪਾਸ ਕਰਨਾ ਜ਼ਰੂਰੀ ਹੈ। ਓਪਨ ਸਕੂਲ ਸਕੀਮ ਅਧੀਨ ਦਾਖਲੇ ਉਪਰੰਤ ਜੇਕਰ ਵਿਦਿਆਰਥੀ ਪਹਿਲੇ ਮੌਕੇ ਵਿੱਚ ਇੱਕ ਵੀ ਵਿਸ਼ੇ ਦੀ ਪਰੀਖਿਆ ਪਾਸ ਨਹੀਂ ਕਰਦਾ ਤਾਂ ਉਸ ਦਾ ਨਤੀਜਾ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ। ਜੇਕਰ ਪਰੀਖਿਆਰਥੀ ਇੱਕ ਵੀ ਵਿਸ਼ਾ ਪਾਸ ਕਰ ਲੈਂਦਾ ਹੈ ਤਾਂ ਉਸ ਦਾ ਨਤੀਜਾ ਰੀਅਪੀਅਰ ਘੋਸ਼ਿਤ ਕੀਤਾ ਜਾਵੇਗਾ। ਉਸ ਨੂੰ ਰੀਅਪੀਅਰ ਵਾਲੇ ਵਿਸ਼ੇ ਪਾਸ ਕਰਨ ਲਈ ਆਉਣ ਵਾਲੇ ਤਿੰਨ ਸਾਲਾਂ ਵਿੱਚ 6 ਮੌਕੇ ਦਿੱਤੇ ਜਾਣਗੇ। ਜੇਕਰ ਉਹ ਬਾਕੀ ਰਹਿੰਦੇ 6 ਮੌਕਿਆਂ ਵਿਚ ਵੀ ਆਪਣੀ ਪਰੀਖਿਆ ਪਾਸ ਕਰਨੋਂ ਅਸਮਰਥ ਰਹਿੰਦਾ ਹੈ ਤਾਂ ਉਸ ਨੂੰ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਨਵੇਂ ਸਿਰਿਓਂ ਮੁੜ ਦਾਖਲਾ ਲੈਣਾ ਪਵੇਗਾ।

ਰੀਅਪੀਅਰ ਪਰੀਖਿਆਰਥੀ ਜੇਕਰ ਪਹਿਲਾਂ ਦਿੱਤੀ ਪ੍ਰਯੋਗੀ ਪਰੀਖਿਆ ਵਿੱਚ ਪਾਸ ਹੈ ਤਾਂ ਪ੍ਰਯੋਗੀ ਪਰੀਖਿਆ ਲਈ ਪਹਿਲਾਂ ਵਾਲੇ ਅੰਕ ਹੀ ਰੱਖੇ ਜਾਣਗੇ। ਅਜਿਹੇ ਪਰੀਖਿਆਰਥੀ ਜੇਕਰ ਮੁੜ ਪ੍ਰਯੋਗੀ ਪਰੀਖਿਆ ਦੇਣੀ ਚਾਹੁੰਦੇ ਹੋਣ ਤਾਂ ਉਹ ਦਾਖਲਾ/ਪਰੀਖਿਆ ਫਾਰਮ ਵਿੱਚ ਸਪਸ਼ਟ ਤੌਰ ਤੇ ਅੰਕਿਤ ਕਰੇਗਾ।

12.3 **ਗਰੇਸ ਅੰਕ**: ਪਰੀਖਿਆ ਪਾਸ ਕਰਨ ਲਈ ਪਰੀਖਿਆਰਥੀ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੇ 1% ਤੱਕ ਗਰੇਸ ਅੰਕ ਦਿੱਤੇ ਜਾਣਗੇ।

## 13. ਸਰਟੀਫ਼ਿਕੇਟ :

ਪਾਸ ਵਿਦਿਆਰਥੀਆਂ ਨੂੰ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਟੀਫ਼ਿਕੇਟ-ਕਮ-ਨੰਬਰ ਕਾਰਡ ਭੇਜੇ ਜਾਣਗੇ। ਇਹ ਸਰਟੀਫ਼ਿਕੇਟ-ਕਮ-ਨੰਬਰ ਕਾਰਡ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਰੈਗੂਲਰ ਵਿਦਿਆਰਥੀਆਂ ਲਈ ਜਾਰੀ ਸੀਨੀਅਰ ਸੈਕੰਡਰੀ ਪਰੀਖਿਆ ਦੇ ਸਰਟੀਫ਼ਿਕੇਟ ਜਾਂ ਇਸ ਦੇ ਬਰਾਬਰ ਮੰਨੀ ਜਾਂਦੀ ਪਰੀਖਿਆ ਦੇ ਸਰਟੀਫ਼ਿਕੇਟ ਦੇ ਹਰ ਪੱਖੋਂ ਬਰਾਬਰ ਹੋਣਗੇ।

## 14. ਪਰੀਖਿਆ ਸਬੰਧੀ ਹੋਰ ਨਿਯਮ:

ਪਰੀਖਿਆ, ਅਣਉਚਿੱਤ ਸਾਧਨ, ਦੁਰਵਿਵਹਾਰ ਅਤੇ ਹੋਰ ਨੁਕਤੇ/ਸ਼ਰਤਾਂ ਜੋ ਪ੍ਰਾਸਪੈਕਟਸ ਵਿੱਚ ਸ਼ਾਮਲ ਨਹੀਂ ਹਨ, ਸੰਬੰਧੀ ਉਹੀ ਵਿਨਿਯਮ ਲਾਗੂ ਹੋਣਗੇ ਜੋ ਰੈਗੂਲਰ ਵਿਦਿਆਰਥੀਆਂ ਤੇ ਲਾਗੂ ਹਨ।

## 15. ਬੋਰਡ ਦੀਆਂ ਪੂਰਕ ਸ਼ਕਤੀਆਂ:

ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਵੀ ਪਰਿਵਰਤਨ ਜਾਂ ਕੋਈ ਹੋਰ ਨਿਯਮ ਸ਼ਾਮਲ ਕਰਨਾ ਹੋਵੇ ਤਾਂ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਉਚਿਤ ਨਿਰਣਾ ਲੈ ਸਕਦੇ ਹਨ।

## 16. ਵਿਆਖਿਆ:

ਇਹਨਾਂ ਨਿਯਮਾਂ ਦੀ ਵਿਆਖਿਆ ਕਰਨ ਸੰਬੰਧੀ ਕੋਈ ਸ਼ੰਕਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

**ਨੋਟ:-**

1. ਬੋਰਡ ਵਲੋਂ ਨਿਰਧਾਰਤ ਫ਼ੀਸਾਂ ਤੋਂ ਵੱਧ ਫ਼ੀਸ ਜਾਂ ਕੋਈ ਹੋਰ ਫੰਡ ਆਦਿ ਵਿਦਿਆਰਥੀ ਵਲੋਂ ਅਧਿਐਨ ਕੇਂਦਰ ਵਿਚ ਜਮ੍ਹਾਂ ਨਹੀਂ ਕਰਵਾਇਆ ਜਾਵੇਗਾ। ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦਾ ਉਮੀਦਵਾਰੀ ਹੱਕ, ਅਧਿਐਨ ਕੇਂਦਰ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ।
2. ਜੇਕਰ ਕੋਈ ਅਧਿਐਨ ਕੇਂਦਰ ਨਿਰਧਾਰਤ ਫ਼ੀਸ ਨਾਲੋਂ ਜ਼ਿਆਦਾ ਫ਼ੀਸ ਦੀ ਮੰਗ ਕਰਦਾ ਹੈ ਤਾਂ ਇਸ ਦੀ ਲਿਖਤੀ ਸ਼ਿਕਾਇਤ **ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ** ਨੂੰ ਕੀਤੀ ਜਾਵੇ।
3. ਕਿਸੇ ਪ੍ਰਕਾਰ ਦੀ ਔਕੜ, ਸਪਸ਼ਟੀਕਰਨ ਲਈ ਓਪਨ ਸਕੂਲ ਦੇ ਟੈਲੀਫੋਨ ਨੰ: ●172-3●47235-385-386-491 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਦਾਖ਼ਲਾ ਫ਼ਾਰਮ ਭਰਨ ਲਈ ਹਦਾਇਤਾਂ

1 ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟਿਡ (ਮਾਨਤਾ ਪ੍ਰਾਪਤ) ਸੰਸਥਾ/ਸਕੂਲ ਵਿੱਚ ਹੀ ਦਾਖਲਾ ਲਿਆ ਜਾਵੇ।

2 ਦਾਖਲਾ ਫਾਰਮ ਭਰਨ ਤੋਂ ਪਹਿਲਾਂ ਇਹ ਤਸੱਲੀ ਕਰ ਲਈ ਜਾਵੇ ਕਿ ਤੁਸੀਂ ਨਿਯਮਾਂ ਅਨੁਸਾਰ ਦਾਖਲਾ ਲੈਣ ਦੇ ਯੋਗ ਹੋ। ਇੱਕ ਵਾਰ ਭੇਜੀ ਗਈ ਫ਼ੀਸ ਕਿਸੇ ਹਾਲਤ ਵਿੱਚ ਵਾਪਸ ਜਾਂ ਐਡਜਸਟ ਨਹੀਂ ਕੀਤੀ ਜਾਵੇਗੀ।

3 ਵਿਦਿਆਰਥੀ ਦੁਆਰਾ ਨਿਯਮਾਂ ਅਨੁਸਾਰ ਸੈਂਪਲ ਦਾਖ਼ਲਾ ਫਾਰਮ, ਸ਼ਨਾਖਤੀ ਕਾਰਡ ਅਤੇ ਨੱਥੀ ਰਸੀਦ ਭਰਕੇ ਲੋੜੀਂਦੇ ਦਸਤਾਵੇਜ਼ਾਂ ਅਤੇ ਦਾਖ਼ਲਾ, ਰਜਿਸਟ੍ਰੇਸ਼ਨ ਅਤੇ ਹੋਰ ਨਿਰਧਾਰਤ ਫ਼ੀਸਾਂ ਸਮੇਤ ਨਿਸ਼ਚਿਤ ਮਿਤੀ ਤੱਕ ਆਪਣੀ ਤਹਿਸੀਲ ਵਿੱਚ ਸਥਿਤ ਨੇੜੇ ਦੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ। ਰਸੀਦ ਬਕਾਇਦਾ ਅਧਿਐਨ ਕੇਂਦਰ ਦੀ ਮੋਹਰ, ਪ੍ਰਾਪਤ ਕਰਤਾ ਦੇ ਹਸਤਾਖਰ ਸਮੇਤ ਵਾਪਸ ਪ੍ਰਾਪਤ ਕੀਤੀ ਜਾਵੇ। ਬੋਰਡ ਵੱਲੋਂ ਜਾਰੀ ਸ਼ੈਡਿਊਲ ਅਨੁਸਾਰ ਪਰੀਖਿਆ ਫਾਰਮ ਜਾਂ ਫ਼ੀਸ ਵੀ ਭਰੀ ਜਾਵੇ। ਵਿਦਿਆਰਥੀ ਤੋਂ ਫਾਰਮ ਜਾਂ ਫ਼ੀਸ ਸਿੱਧੀ ਬੋਰਡ ਵਿੱਚ ਨਹੀਂ ਲਈ ਜਾਵੇਗੀ।

4 ਸਾਲ 2●13-14 ਤੋਂ ਓਪਨ ਸਕੂਲ ਪ੍ਰਣਾਲੀ ਵਿੱਚ ਦਾਖਲਾ ਆਨਲਾਈਨ ਕੀਤਾ ਗਿਆ ਹੈ ਜੋ ਕਿ ਸਬੰਧਤ ਅਧਿਐਨ ਕੇਂਦਰ ਵੱਲੋਂ ਕਰਵਾਇਆ ਜਾਵੇਗਾ।

5 ਸੈਂਪਲ ਦਾਖਲਾ ਫਾਰਮ ਵਿੱਚ ਸਾਰੇ ਤੱਥ ਜਿਵੇਂ ਕਿ ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਕਰੈਡਿਟ ਕੈਰੀ ਲਈ ਚੁਣੇ ਵਿਸ਼ੇ, ਕੈਟਾਗਰੀ (1 ਜਾਂ 2) ਜਿਸ ਅਧੀਨ ਪ੍ਰੀਖਿਆ ਦੇਣੀ ਹੈ ਅਤੇ ਪੂਰੇ ਵਿਸ਼ੇ ਆਦਿ ਬਾਰੇ ਤੱਸਲੀ ਕਰਨ ਉਪਰੰਤ ਫਾਰਮ ਭਰਿਆ ਜਾਵੇ। ਇਸ ਸੈਂਪਲ ਫਾਰਮ ਅਨੁਸਾਰ ਹੀ ਅਸਲੀ ਆਨਲਾਈਨ ਦਾਖਲਾ/ਪ੍ਰੀਖਿਆ/ਰਜਿਸਟੇਸ਼ਨ ਫਾਰਮ ਭਰਿਆ ਜਾਣਾ ਹੈ। ਫਾਰਮ ਵਿਚ ਹੋਈ ਗਲਤੀ ਲਈ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ।

6 ਪੁਰਾਣਾ ਜਾਂ ਅਧੂਰਾ ਭਰਿਆ ਦਾਖਲਾ ਫ਼ਾਰਮ ਕੰਪਿਊਟਰ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਵੇਗਾ।

7 ਆਨਲਾਈਨ ਦਾਖਲਾ ਕਰਨ ਉਪਰੰਤ ਇਸ ਦਾਖਲਾ/ਰਜਿਸਟ੍ਰੇਸ਼ਨ ਫਾਰਮ ਦੀਆਂ ਤਿੰਨ ਪਰਤਾਂ (ਜਾਂ ਇੱਕ ਡਾਊਨਲੋਡ ਕੀਤੀ ਕਾਪੀ ਅਤੇ ਦੋ ਫੋਟੋ ਕਾਪੀਆਂ) ਡਾਊਨਲੋਡ ਕਰਕੇ ਭੇਜੀਆਂ ਜਾਣ। ਇਨ੍ਹਾਂ ਤਿੰਨ ਫਾਰਮਾਂ ਉੱਤੇ ਗੂੰਦ ਨਾਲ ਨਿਸ਼ਚਿਤ ਥਾਂ ਤੇ ਇੱਕ-ਇੱਕ ਬਿਨਾਂ ਤਸਦੀਕਸ਼ੁਦਾ ਅਤੇ ਇੱਕ-ਇੱਕ ਤਸਦੀਕਸ਼ੁਦਾ ਪਾਸਪੋਰਟ ਆਕਾਰ ਦੀ ਫੋਟੋ ਚਿਪਕਾਈ ਜਾਵੇ ਅਤੇ ਤਸਦੀਕ ਕਰਤਾ ਦੇ ਹਸਤਾਖਰ ਅੱਧੇ ਫੋਟੋ ਤੇ ਅਤੇ ਅੱਧੇ ਫਾਰਮ ਤੇ ਹੋਣੇ ਚਾਹੀਦੇ ਹਨ।

8 ਵਿਦਿਆਰਥੀ ਅਧਿਐਨ ਕੇਂਦਰ ਮੁਖੀ ਦੇ ਸਾਹਮਣੇ ਤਿੰਨਾਂ ਪਰਤਾਂ ਤੇ ਹਸਤਾਖਰ ਕਰਨ।

9 ਸ਼ਨਾਖਤੀ ਕਾਰਡ ਮੁਕੰਮਲ ਕਰਕੇ ਅਧਿਐਨ ਕੇਂਦਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਇਸ ਤੇ ਪਾਸਪੋਰਟ ਆਕਾਰ ਦੀ ਫੋਟੋ ਚਿਪਕਾਈ ਜਾਵੇ। ਇਹ ਕਾਰਡ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਪੜਤਾਲ ਅਤੇ ਪ੍ਰਤੀ ਹਸਤਾਖਰ ਕਰਨ ਉਪਰੰਤ ਵਿਦਿਆਰਥੀ ਨੂੰ ਵਾਪਸ ਕੀਤਾ ਜਾਵੇਗਾ। ਗੁੰਮ ਹੋ ਜਾਣ ਦੀ ਸੂਰਤ ਵਿੱਚ ਡੁਪਲੀਕੇਟ ਸ਼ਨਾਖਤੀ ਕਾਰਡ 1●/- ਰੁਪਏ ਫ਼ੀਸ ਜਮ੍ਹਾਂ ਕਰਵਾ ਕੇ ਲਿਆ ਜਾ ਸਕਦਾ ਹੈ। ਇਹ ਕਾਰਡ ਦਾਖਲਾ ਲੈਣ ਉਪਰੰਤ ਉਦੋਂ ਤੱਕ ਮੰਨਣਯੋਗ ਹੋਵੇਗਾ ਜਦ ਤੱਕ ਵਿਦਿਆਰਥੀ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਕੰਪਾਰਟਮੈਂਟ/ਰੀਅਪੀਅਰ ਲਈ ਉਸਨੂੰ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ। ਵਿਦਿਆਰਥੀ ਦੇ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਕਾਰਡ ਰੱਦ ਸਮਝਿਆ ਜਾਵੇਗਾ।

1● ਇੱਕ ਅਧਿਐਨ ਕੇਂਦਰ ਵਿੱਚ ਦਾਖਲਾ ਲੈਣ ਉਪਰੰਤ ਕਿਸੇ ਹੋਰ ਅਧਿਐਨ ਕੇਂਦਰ ਰਾਹੀਂ ਦਾਖਲਾ ਨਾ ਲਿਆ ਜਾਵੇ ਅਤੇ ਨਾ ਹੀ ਰੈਗੂਲਰ ਤੌਰ ਤੇ ਦਾਖਲਾ ਲਿਆ ਜਾਵੇ। ਅਜਿਹਾ ਕਰਨ ਦੀ ਸੂਰਤ ਵਿੱਚ ਸਾਰੇ ਦਾਖਲੇ ਰੱਦ ਕੀਤੇ ਜਾ ਸਕਦੇ ਹਨ ।

11 ਇੱਕ ਵਾਰ ਦਾਖਲਾ ਲੈਣ ਤੋਂ ਬਾਅਦ ਵਿਦਿਆਰਥੀ ਦਾ ਅਧਿਐਨ ਕੇਂਦਰ ਉਦੋਂ ਤੱਕ ਨਹੀਂ ਬਦਲਿਆ ਜਾਵੇਗਾ, ਜਦ ਤੱਕ ਉਹ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਰੀ-ਅਪੀਅਰ ਲਈ ਦਿੱਤੇ **ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ ਜਾਂ ਉਸ ਨੂੰ ਫੇਲ੍ਹ ਘੋਸ਼ਿਤ ਨਹੀਂ ਕਰ ਦਿੱਤਾ ਜਾਂਦਾ। ਉਹ ਆਪਣਾ ਰੀਅਪੀਅਰ ਦਾ ਪਰੀਖਿਆ ਫਾਰਮ/ਫ਼ੀਸ ਵੀ ਉਸੇ ਅਧਿਐਨ ਕੇਂਦਰ ਮੁਖੀ ਤੋਂ ਤਸਦੀਕ ਕਰਵਾ ਕੇ ਸਬੰਧਤ ਅਧਿਐਨ ਕੇਂਦਰ ਰਾਹੀਂ ਬੋਰਡ ਨੂੰ ਭੇਜੇਗਾ।** ਹੋਰ ਕਿਸੇ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਤਸਦੀਕ ਕੀਤਾ ਪਰੀਖਿਆ ਫਾਰਮ ਮੰਨਣ ਯੋਗ ਨਹੀਂ ਹੋਵੇਗਾ।

12 **ਰੀਅਪੀਅਰ ਦੀ ਪਰੀਖਿਆ ਦੇਣ ਲਈ ਪਰੀਖਿਆ ਫਾਰਮ ਤੇ ਫ਼ੀਸ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਨਾਲ ਭਰਿਆ ਜਾ ਸਕਦਾ ਹੈ।**

13 ਵਿਦਿਆਰਥੀ ਵੱਲੋਂ ਪੇਸ਼ ਤੱਥਾਂ ਦੇ ਆਧਾਰ ਤੇ ਹੀ ਉਸ ਨੂੰ ਦਾਖਲਾ ਦਿੱਤਾ ਜਾਣਾ ਹੈ। ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਅ ਲਾ ਸਕਦੀ ਹੈ। ਜੇਕਰ ਕੋਈ ਤੱਥ ਜਾਂ ਤਰੁਟੀ ਰਹਿ ਜਾਂਦੀ ਹੈ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ, ਅਧਿਐਨ ਕੇਂਦਰ ਦੇ ਕੋਆਰਡੀਨੇਟਰ ਅਤੇ ਸਕੂਲ ਮੁਖੀ ਦੀ ਹੋਵੇਗੀ।

14. **ਅਧਿਐਨ ਕੇਂਦਰਾਂ ਵਲੋਂ ਵਿਦਿਆਰਥੀਆਂ ਨੂੰ ਬੋਰਡ ਵਿੱਚ ਆਨਲਾਈਨ ਰਜਿਸਟਰ ਕੀਤਾ ਜਾਣਾ ਹੈ।**

**ਵਿਸ਼ੇਸ਼ ਨੋਟ : 1. ਫੀਸਾਂ ਜਮ੍ਹਾਂ ਕਰਨ ਸਬੰਧੀ ਕਾਰਜ ਵਿਧੀ ਦੀ ਸੰਪੂਰਨ ਵਿਸਥਾਰ ਬੋਰਡ ਦੀ ਵੈਬਸਾਈਟ ਤੇ ਪਾਈ ਜਾਵੇਗੀ। ਇਸ ਲਈ ਸਮੇਂ-ਸਮੇਂ ਤੇ ਬੋਰਡ ਦੀ ਵੈਬਸਾਈਟ ਨੂੰ ਚੈਕ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਮਦਦ ਲਈ ਕੰਪਿਊਟਰ ਸ਼ਾਖਾ ਦੇ ਹੈਲਪਲਾਈਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।**

**2. ਦਾਖਲਾ ਮਿਤੀਆਂ ਹੀ ਰਜਿਸਟਰੇਸ਼ਨ ਮਿਤੀਆਂ ਹਨ ਇਸ ਲਈ ਅਧਿਐਨ ਕੇਂਦਰ ਵਲੋਂ ਦਾਖਲੇ ਸਬੰਧੀ ਫਾਈਨਲ ਸਬਮਿਸ਼ਨ ਸੂਚੀ ਵਿੱਚ ਨਾਂ ਦਰਜ ਹੋਣਾ ਯਕੀਨੀ ਬਣਾ ਲਿਆ ਜਾਵੇ।**

## ਆਨਲਾਈਨ ਦਾਖਲਾ ਫਾਰਮ ਭਰਨ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ :-

ੳ ਸਕੂਲ ਯੂਜ਼ਰ ਆਈ.ਡੀ. ਅਤੇ ਪਾਸਵਰਡ ਰਾਹੀਂ ਬੋਰਡ ਵੈੱਬ ਸਾਈਟ ਤੇ ਲਾਗਇਨ (Login) ਕਰੇਗਾ।

ਅ. ਓਪਨ ਸਕੂਲ ਰਜਿਸਟ੍ਰੇਸ਼ਨ () ਲਿੰਕ ਤੇ ਕਲਿੱਕ ਕੀਤਾ ਜਾਵੇ।

ੲ. ਪਹਿਲਾਂ ਦੀ ਤਰ੍ਹਾਂ ਦੀ ਸਬੰਧਤ ਕਲਾਸ ਤੇ ਕਲਿੱਕ ਕਰਕੇ ਅਤੇ ਹਦਾਇਤਾਂ ਅਨੁਸਾਰ ਸਬੰਧਤ ਫਾਰਮ ਤੇ ਕਲਿੱਕ ਕੀਤਾ ਜਾਵੇ।

## ਆਨਲਾਈਨ ਫਾਰਮ ਭਰਨ ਲਈ ਜਨਰਲ ਹਦਾਇਤਾਂ

ੳ ਯੂਜਰ ਆਈ.ਡੀ. ਅਤੇ ਪਾਸਵਰਡ ਰਾਹੀਂ ਬੋਰਡ ਵੈੱਬ ਸਾਈਟ ਤੇ Login ਕੀਤਾ ਜਾਵੇ।

ਅ. ਓਪਨ ਸਕੂਲ ਪੋਰਟਲ ਲਿੰਕ ਤੇ ਕਲਿੱਕ ਕੀਤਾ ਜਾਵੇ।

ੲ. ਪਹਿਲਾਂ ਦੀ ਤਰ੍ਹਾਂ ਦੀ ਸਬੰਧਤ ਕਲਾਸ ਤੇ ਕਲਿੱਕ ਕੀਤਾ ਜਾਵੇ ਅਤੇ ਸਬੰਧਤ ਕਲਾਸ ਦੇ ਪ੍ਰੀਖਿਆਰਥੀਆਂ ਦੀ ਆਨਲਾਈਨ ਐਂਟਰੀ ਕੀਤੀ ਜਾਵੇ।

### ਆਨਲਾਈਨ ਫਾਰਮ ਭਰਨ ਸਮੇਂ ਕੁਝ ਧਿਆਨ ਵਿੱਚ ਰੱਖਣ ਯੋਗ ਜਰੂਰੀ ਹਦਾਇਤਾਂ:-

1. Previous Class Details ਕਾਲਮ ਵਿੱਚ ਪ੍ਰੀਖਿਆਰਥੀ ਦੀ ਸਬੰਧਤ ਕੈਟਾਗਰੀ ਸਲੈਕਟ ਕੀਤੀ ਜਾਵੇ, ਜਿਸ ਅਧੀਨ ਉਸਨੇ ਦਾਖਲਾ ਲਿਆ ਹੈ।
2. ਜੇਕਰ ਪ੍ਰੀਖਿਆਰਥੀ 8ਵੀਂ ਪਾਸ ਜਾਂ 10ਵੀਂ ਫੇਲ੍ਹ ਹੈ ਤਾਂ ਸਬੰਧਤ ਬੋਰਡ ਦਾ ਨਾਂ, ਸੈਸ਼ਨ, ਰੋਲ ਨੰ. ਅਤੇ ਸਕੂਲ ਦਾ ਨਾਂ ਭਰਿਆ ਜਾਵੇ।
3. ਜੇਕਰ ਪ੍ਰੀਖਿਆਰਥੀ ਨੇ 8ਵੀਂ ਕਲਾਸ ਬੋਰਡ ਦੀ ਬਜਾਏ ਕਿਸੇ ਹੋਰ ਬੋਰਡ ਜਾਂ ਸਕੂਲ ਤੋਂ ਪਾਸ ਕੀਤੀ ਹੈ ਤਾਂ ਬੋਰਡਾਂ ਦੀ ਦਿੱਤੀ ਸੂਚੀ ਵਿੱਚੋਂ School ਸਲੈਕਟ ਕੀਤਾ ਜਾਵੇ ਅਤੇ ਸਕੂਲ ਦਾ ਰੋਲ ਨੰ., ਸੈਸ਼ਨ, ਸਕੂਲ ਦਾ ਨਾਂ ਭਰਿਆ ਜਾਵੇ।
4. ਜੇਕਰ ਪ੍ਰੀਖਿਆਰਥੀ ਪਿਛਲੀ ਕਲਾਸ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪੜ੍ਹਿਆ ਹੈ ਤਾਂ ਰਜਿ. ਨੰਬਰ ਵਾਲੇ ਖਾਨੇ ਵਿੱਚ ਬੋਰਡ ਵੱਲੋਂ ਜਾਰੀ ਰਜਿ. ਨੰਬਰ ਹੀ ਭਰਿਆ ਜਾਵੇ। ਜੇਕਰ ਪ੍ਰੀਖਿਆਰਥੀ ਹੋਰ ਬੋਰਡ ਤੋਂ ਆਇਆ ਹੈ ਜਾਂ ਪ੍ਰੀਖਿਆਰਥੀ ਨੂੰ ਬੋਰਡ ਵੱਲੋਂ ਪਹਿਲਾਂ ਰਜਿ. ਨੰਬਰ ਜਾਰੀ ਨਹੀਂ ਹੋਇਆ ਤਾਂ ਰਜਿ. ਨੰਬਰ ਵਾਲਾ ਖਾਨਾ ਖਾਲੀ ਛੱਡ ਦਿੱਤਾ ਜਾਵੇ। ਇਹਨਾਂ ਪ੍ਰੀਖਿਆਰਥੀਆਂ ਨੂੰ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਵੱਲੋਂ ਯੋਗਤਾ/ਦਸਤਾਵੇਜ਼ ਆਦਿ ਚੈੱਕ ਕਰਨ ਉਪਰੰਤ ਹੀ ਨਵਾਂ ਰਜਿ. ਨੰਬਰ ਜਾਰੀ ਕੀਤਾ ਜਾਵੇਗਾ।
5. Personal Details ਵਿੱਚ ਦਿੱਤੇ ਹੋਏ ਕਾਲਮਾਂ ਅਨੁਸਾਰ ਪ੍ਰੀਖਿਆਰਥੀ ਦੇ ਵੇਰਵੇ ਭਰੇ ਜਾਣ।
6. Current Class Details ਵਿੱਚ ਦਾਖਲਾ ਖਾਰਜ ਰਜਿਸਟਰ ਦਾ ਨੰਬਰ, ਦਾਖਲਾ ਨੰਬਰ ਅਤੇ ਦਾਖਲੇ ਦੀ ਮਿਤੀ ਭਰੀ ਜਾਵੇ।
7. Subject Details ਵਿੱਚ ਪ੍ਰੀਖਿਆਰਥੀ ਵੱਲੋਂ ਲਏ ਪੂਰੇ ਵਿਸ਼ੇ (ਸਮੇਤ ਕਰੈਡਿਟ ਕੈਰੀ) ਭਰੇ ਜਾਣ। ਵਿਸ਼ੇ ਓਪਨ ਸਕੂਲ ਵੱਲੋਂ ਜਾਰੀ ਪ੍ਰੋਸਪੈਕਟਸ ਅਨੁਸਾਰ ਭਰੇ ਜਾਣ।
8. Credit Carry ਵਿਸ਼ੇ ਸਿਰਫ ਉਹੀ ਸਲੈਕਟ ਕੀਤੇ ਜਾ ਸਕਦੇ ਹਨ, ਜੋ ਉੱਪਰ ਦਿੱਤੇ ਪੂਰੇ ਵਿਸ਼ਿਆਂ ਵਿੱਚ ਸਲੈਕਟ ਕੀਤੇ ਗਏ ਹਨ। ਸਿਰਫ ਪਾਸ ਕੀਤੇ ਵਿਸ਼ੇ ਹੀ ਕਰੈਡਿਟ ਕੈਰੀ ਵਿਸ਼ੇ ਦੇ ਤੌਰ ਤੇ ਲਏ ਜਾ ਸਕਦੇ ਹਨ। ਇਹਨਾਂ ਵਿਸ਼ਿਆਂ ਦੇ ਪ੍ਰਾਪਤ ਅੰਕ, ਘੱਟ ਤੋਂ ਘੱਟ ਪਾਸ ਅੰਕ ਅਤੇ ਵੱਧ ਤੋਂ ਵੱਧ ਅੰਕ ਆਨਲਾਈਨ ਭਰੇ ਜਾਣ।

9. ਆਨਲਾਈਨ ਭਰੇ ਗਏ ਦਾਖਲਾ ਫਾਰਮ ਵਿੱਚ ਭਰੇ ਵੇਰਵਿਆਂ ਅਨੁਸਾਰ ਹੀ ਪ੍ਰੀ ਪ੍ਰਿੰਟਡ ਪ੍ਰੀਖਿਆ ਫਾਰਮ ਭੇਜੇ ਜਾਣਗੇ। ਇਸ ਲਈ ਆਨਲਾਈਨ ਫਾਰਮ ਭਰਨ ਸਮੇਂ ਵੇਰਵਿਆਂ ਨੂੰ ਧਿਆਨ ਨਾਲ ਭਰਿਆ ਜਾਵੇ।

ਸ. ਫਾਰਮ ਭਰਨ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰੀਖਿਆਰਥੀਆਂ ਦੇ ਵੇਰਵੇ ਦਾਖਲਾ ਖਾਰਜ ਰਜਿਸਟਰ ਅਨੁਸਾਰ ਹੀ ਭਰੇ ਗਏ ਹਨ। ਆਨਲਾਈਨ ਫਾਰਮ ਵਿੱਚ ਦਿੱਤੇ ਸਾਰੇ ਖਾਨਿਆਂ ਨੂੰ ਭਰਿਆ ਜਾਵੇ। ਸਾਰੇ ਪ੍ਰੀਖਿਆਰਥੀਆਂ ਦੇ ਵਿਸ਼ੇ ਭਰਨੇ ਜ਼ਰੂਰੀ ਹਨ। ਕਰੈਡਿਟ ਕੈਰੀ ਲੈਣ ਵਾਲੇ ਪ੍ਰੀਖਿਆਰਥੀਆਂ ਦੇ ਪਹਿਲਾਂ ਉੱਪਰ ਦਿੱਤੇ ਵਿਸ਼ਿਆਂ ਵਾਲੇ ਖਾਨਿਆਂ ਵਿੱਚ ਪੂਰੇ ਵਿਸ਼ੇ ਭਰੇ ਜਾਣ ਅਤੇ ਕਰੈਡਿਟ ਕੈਰੀ ਵਾਲੇ ਖਾਨਿਆਂ ਵਿੱਚ ਉਹ ਵਿਸ਼ੇ ਸਲੈਕਟ ਕੀਤੇ ਜਾਣ ਜੋ ਉਪਰ ਦਿੱਤੇ ਵਿਸ਼ਿਆਂ ਵਿੱਚੋਂ ਕਰੈਡਿਟ ਕੈਰੀ ਲਏ ਜਾਣੇ ਹਨ।

ਹ. ਪ੍ਰੀਖਿਆਰਥੀਆਂ ਦੀ ਐਂਟਰੀ ਕਰਨ ਉਪਰੰਤ ਫਾਈਨਲ ਸਬਮਿਸ਼ਨ ਕਰਨ ਤੋਂ ਪਹਿਲਾਂ ਰਫ ਪ੍ਰਿੰਟ (Rough Print) ਬਟਨ ਤੇ ਕਲਿੱਕ ਕਰਨ ਉਪਰੰਤ ਪ੍ਰਿੰਟ ਕਰਕੇ ਜ਼ਰੂਰ ਚੈੱਕ ਕਰ ਲਿਆ ਜਾਵੇ, ਜੇਕਰ ਕੋਈ ਸੋਧ ਹੈ ਤਾਂ Modify ਬਟਨ ਤੇ ਕਲਿੱਕ ਕਰਕੇ ਸੋਧ ਕਰ ਲਈ ਜਾਵੇ।

ਕ. ਪ੍ਰੀਖਿਆਰਥੀਆਂ ਦੇ ਵੇਰਵਿਆਂ ਦੀ ਐਂਟਰੀ ਦਾਖਲੇ ਦੇ ਨਾਲ ਦੀ ਨਾਲ ਕਰ ਲਈ ਜਾਵੇ ਤਾਂ ਕਿ ਬੋਰਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਮੇਂ ਸਿਰ ਪ੍ਰੀਖਿਆਰਥੀਆਂ ਦੇ ਦਾਖਲਾ ਫਾਰਮ/ਰਜਿਸਟ੍ਰੇਸ਼ਨ ਬੋਰਡ ਨੂੰ ਭੇਜੀ ਜਾ ਸਕੇ।

ਖ. ਫੀਸ ਦੀ ਜਾਣਕਾਰੀ ਸਬੰਧੀ ਕੈਲਕੂਲੇਟ ਫੀਸ ਤੇ ਕਲਿੱਕ ਕੀਤਾ ਜਾਵੇ।

ਗ. ਸਾਰੇ ਪ੍ਰੀਖਿਆਰਥੀਆਂ ਦੀ ਐਂਟਰੀ ਕਰਨ ਅਤੇ ਚੈੱਕ ਕਰਨ ਉਪਰੰਤ ਫਾਈਨਲ ਸਬਮਿਸ਼ਨ ਕੀਤਾ ਜਾਵੇ। ਫਾਈਨਲ ਸਬਮਿਸ਼ਨ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਿਆ ਜਾਵੇ ਕਿ ਪ੍ਰੀਖਿਆਰਥੀਆਂ ਦੇ ਵੇਰਵੇ ਦਾਖਲਾ ਖਾਰਜ ਰਜਿਸਟਰ ਅਨੁਸਾਰ ਸਹੀ ਭਰੇ ਗਏ ਹਨ ਅਤੇ ਰਫ ਪ੍ਰਿੰਟ ਦਾ ਦਾਖਲਾ ਖਾਰਜ ਰਜਿਸਟਰ ਨਾਲ ਮਿਲਾਨ ਕਰ ਲਿਆ ਗਿਆ ਹੈ। ਫਾਈਨਲ ਸਬਮਿਸ਼ਨ ਕਰਨ ਉਪਰੰਤ ਪ੍ਰੀਖਿਆਰਥੀਆਂ ਦੇ ਵੇਰਵੇ ਲਾਕ (Lock) ਹੋ ਜਾਣਗੇ ਅਤੇ ਇਹਨਾਂ ਵਿੱਚ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ। ਫਾਈਨਲ ਸਬਮਿਸ਼ਨ ਕਰਨ ਉਪਰੰਤ ਚਾਲਾਨ ਪ੍ਰਿੰਟ ਕਰ ਲਿਆ ਜਾਵੇ ਅਤੇ ਬਣਦੀ ਫੀਸ ਚਲਾਨ ਰਾਹੀਂ ਬੈਂਕ ਵਿੱਚ ਜਮ੍ਹਾਂ ਕਰਵਾਈ ਜਾਵੇ।

ਘ. ਬੈਂਕ ਦੁਆਰਾ ਫੀਸ ਵੈਰੀਫਾਈ ਹੋਣ ਉਪਰੰਤ ਹੀ ਫਾਈਨਲ ਪ੍ਰਿੰਟ ਖੁੱਲੇਗਾ ਅਤੇ ਪ੍ਰਿੰਟ ਕੀਤਾ ਜਾ ਸਕੇਗਾ। ਫਾਈਨਲ ਪ੍ਰਿੰਟ ਨੂੰ ਤਿੰਨ ਪਰਤਾਂ ਵਿੱਚ ਪ੍ਰਿੰਟ ਕੀਤਾ ਜਾਵੇ ਅਤੇ ਇੱਕ ਪਰਤ ਸਕੂਲ ਰਿਕਾਰਡ ਵਿੱਚ ਰੱਖ ਲਈ ਜਾਵੇ ਅਤੇ ਦੋ ਪਰਤਾਂ ਸਬੰਧਤ ਜਿਲ੍ਹਾ ਖੇਤਰੀ ਦਫਤਰ ਵਿੱਚ ਅਸਲ ਚਾਲਾਨ ਸਮੇਤ ਅਤੇ ਲੋੜੀਂਦੇ ਦਸਤਾਵੇਜ਼ ਨੱਥੀ ਕਰਕੇ ਬੋਰਡ ਵੱਲੋਂ ਜਾਰੀ ਸਡਿਊਲ ਅਨੁਸਾਰ ਜਮ੍ਹਾਂ ਕਰਵਾਈਆਂ ਜਾਣ। ਮਿਥੀ ਮਿਤੀ ਤੋਂ ਬਾਅਦ ਜਮ੍ਹਾਂ ਕਰਵਾਏ ਫਾਰਮ ਸਵੀਕਾਰਨਯੋਗ ਨਹੀਂ ਹੋਣਗੇ।

## ਵਿਦਿਆਰਥੀਆਂ ਲਈ ਧਿਆਨ ਦੇਣ ਯੋਗ ਗੱਲਾਂ

1 ਚੰਗੀ ਵਿੱਦਿਆ ਦੇਣ ਵਿੱਚ ਅਧਿਐਨ ਕੇਂਦਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ, ਪਰ ਅਜਿਹਾ ਵਿਦਿਆਰਥੀਆਂ ਦੇ ਸਹਿਯੋਗ ਅਤੇ ਮਿਲਵਰਤਨ ਤੋਂ ਬਿਨਾਂ ਸੰਭਵ ਨਹੀਂ। ਜਿਹੜੇ ਵਿਦਿਆਰਥੀ ਅਧਿਐਨ ਕੇਂਦਰਾਂ ਦੇ ਨਿਯਮਾਂ ਦੀ ਉਲੰਘਣਾ ਕਰਨਗੇ ਉਹਨਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਉਹਨਾਂ ਦਾ ਦਾਖਲਾ ਵੀ ਰੱਦ ਕੀਤਾ ਜਾ ਸਕਦਾ ਹੈ।

2 ਵਿਦਿਆਰਥੀ ਉਸੇ ਸਮੇਂ ਅਤੇ ਉਸੇ ਦਿਨ ਹੀ ਅਧਿਐਨ ਕੇਂਦਰ ਵਿੱਚ ਜਾਣਗੇ ਜੋ ਕਿ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਉਹਨਾਂ ਲਈ ਨਿਰਧਾਰਤ ਕੀਤਾ ਜਾਂਦਾ ਹੈ।

3 ਜਦੋਂ ਵੀ ਵਿਦਿਆਰਥੀ ਅਧਿਐਨ ਕੇਂਦਰ ਦੇ ਵਿੱਚ ਆਉਂਦਾ ਹੈ ਤਾਂ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਵੀ ਜਾ ਸਕਦਾ ਹੈ।

4. ਦਾਖਲਾ ਲੈਣ ਉਪਰੰਤ ਵਿਦਿਆਰਥੀ ਸਾਰੇ ਸਾਲ ਦੀਆਂ ਕਿਰਿਆਵਾਂ ਆਦਿ ਬਾਰੇ ਆਪਣੇ ਅਧਿਐਨ ਕੇਂਦਰ ਤੋਂ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਸਮੇਂ-ਸਮੇਂ ਤੇ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਨਗੇ।

5 ਵਿਦਿਆਰਥੀ ਕੇਵਲ ਉਸੇ ਪਾਠ ਸਮੱਗਰੀ ਦਾ ਅਧਿਐਨ ਕਰਨਗੇ ਜਿਹੜੀ ਓਪਨ ਸਕੂਲ ਵੱਲੋਂ ਉਹਨਾਂ ਲਈ ਭੇਜੀ ਜਾਂਦੀ ਹੈ ਜਾਂ ਬੋਰਡ ਵਲੋਂ ਸਿਫਾਰਸ਼ ਕੀਤੀ ਜਾਂਦੀ ਹੈ ਜਾਂ ਜਿਹੜੀ ਅਧਿਐਨ ਕੇਂਦਰਾਂ ਦੇ ਅਧਿਆਪਕ ਉਹਨਾਂ ਨੂੰ ਦੱਸਦੇ ਹਨ। ਉਹ ਬਾਜ਼ਾਰੀ ਗਾਈਡਾਂ ਅਤੇ ਸਸਤੇ ਖਲਾਸਿਆਂ ਦੀ ਵਰਤੋਂ ਨਾ ਕਰਨ।

6 ਵਿਦਿਆਰਥੀ ਅਧਿਐਨ ਕੇਂਦਰ ਦੇ ਸਮਾਨ ਤੇ ਜਾਇਦਾਦ ਦਾ ਧਿਆਨ ਰੱਖਣਗੇ ਅਤੇ ਪੂਰੇ ਅਨੁਸ਼ਾਸਨ ਵਿੱਚ ਰਹਿਣਗੇ।

ਨੋਟ:- 1) **ਅਧਿਐਨ ਕੇਂਦਰ ਵਿੱਚ ਦਾਖਲਾ ਲੈਣ ਲਈ ਅਕਾਦਮਿਕ ਸਾਲ 2014-15 ਲਈ ਓਪਨ ਸਕੂਲ ਦੇ ਕੋਰਸਾਂ ਲਈ ਐਕਰੀਡਿਟ ਕੀਤੇ ਅਧਿਐਨ ਕੇਂਦਰਾਂ ਦੀ ਸੂਚੀ ਵੇਖੀ ਜਾਵੇ।**

2) **ਵੱਖ ਵੱਖ ਵਿਸ਼ਿਆਂ ਦਾ ਪਾਠ-ਕ੍ਰਮ ਘੋਖਣ ਲਈ ਅਕਾਦਮਿਕ ਸ਼ਾਖਾ ਵੱਲੋਂ ਪੋਸਟ ਕੀਤੇ ਪਾਠ-ਕ੍ਰਮ ਦੇਖੇ ਜਾਣ।**

## ਦਾਖਲੇ ਸਮੇਂ ਵਿਦਿਆਰਥੀ ਦੁਆਰਾ ਅਧਿਐਨ ਕੇਂਦਰ ਨੂੰ ਦਿੱਤੇ ਜਾਣ ਵਾਲੇ ਦਸਤਾਵੇਜ਼

| ਲੜੀ ਨੰ: | ਦਸਤਾਵੇਜ਼ | ਫੋਟੋ ਕਾਪੀਆਂ ਦੀ ਗਿਣਤੀ |
|---|---|---|
| 1 | ਦਾਖਲਾ ਫਾਰਮ ਭਰਨ ਸੰਬੰਧੀ ਦਿੱਤੀਆਂ ਹਦਾਇਤਾਂ ਅਨੁਸਾਰ ਭਰਿਆ ਸੈਂਪਲ ਦਾਖਲਾ ਫਾਰਮ ਅਤੇ | ਫੋਟੋ ਕਾਪੀਆਂ |
| 2 | ਦਾਖਲੇ ਲਈ ਯੋਗਤਾ ਨਿਯਮ 4 ਅਨੁਸਾਰ ਪੇਸ਼ ਕੀਤੇ ਦਸਤਾਵੇਜ਼ ਅਤੇ | ਤਿੰਨ ਫੋਟੋ ਕਾਪੀਆਂ |
| 3 | ਵਿਸ਼ਿਆਂ ਦੀ ਕਰੈਡਿਟ ਕੈਰੀ ਕਰਨ ਲਈ ਪੇਸ਼ ਕੀਤੇ ਸਰਟੀਫ਼ਿਕੇਟ ਅਤੇ | ਤਿੰਨ ਫੋਟੋ ਕਾਪੀਆਂ |
| 4 | ਦਾਖਲਾ ਫਾਰਮ ਅਤੇ ਪਰੀਖਿਆ ਫਾਰਮ ਲਈ ਫੋਟੋਆਂ | ਕੁੱਲ 10 ਫੋਟੋਆਂ (ਪਾਸਪੋਰਟ ਸਾਈਜ਼) |
| 5 | ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਿੱਚ ਅਸਲ ਸਰਟੀਫ਼ਿਕੇਟ ਅਤੇ | ਤਿੰਨ ਫੋਟੋ ਕਾਪੀਆਂ |
| 6 | ਤਹਿਸੀਲ ਦਾ ਵਸਨੀਕ ਹੋਣ ਦੇ ਸਬੂਤ ਵਜੋਂ ਨਿਯਮ 4.5 ਅਨੁਸਾਰ ਕੋਈ ਇੱਕ ਸਰਟੀਫ਼ਿਕੇਟ ਅਤੇ | ਤਿੰਨ ਫੋਟੋ ਕਾਪੀਆਂ |
| 7 | ਆਪਣੀ ਤਹਿਸੀਲ ਤੋਂ ਬਾਹਰਲੀ ਤਹਿਸੀਲ ਵਿੱਚ ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ ਅਤੇ | ਤਿੰਨ ਫੋਟੋ ਕਾਪੀਆਂ |

ਨੋਟ : **ਅਧਿਐਨ ਕੇਂਦਰ ਵਿਖੇ ਜਮ੍ਹਾਂ ਕਰਵਾਏ ਅਤੇ ਪ੍ਰਾਪਤ ਕੀਤੇ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਵਿਦਿਆਰਥੀ ਨਤੀਜਾ ਘੋਸ਼ਿਤ ਹੋਣ ਤੱਕ ਆਪਣੇ ਕੋਲ ਜ਼ਰੂਰ ਰੱਖੇ।**

## ਦਾਖਲੇ ਉਪਰੰਤ ਵਿਦਿਆਰਥੀ ਦੁਆਰਾ ਅਧਿਐਨ ਕੇਂਦਰ ਪਾਸੋਂ ਪ੍ਰਾਪਤ ਕੀਤੇ ਜਾਣ ਵਾਲੇ ਦਸਤਾਵੇਜ਼

1. ਯੋਗਤਾ, ਤਹਿਸੀਲ ਦੇ ਵਸਨੀਕ ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਜੋਂ ਪੇਸ਼ ਅਸਲ ਸਰਟੀਫ਼ਿਕੇਟ ।
2. ਜਮ੍ਹਾਂ ਕਰਵਾਈ ਗਈ ਦਾਖਲਾ/ਰਜਿਸਟ੍ਰੇਸ਼ਨ/ਪ੍ਰੀਖਿਆ ਆਦਿ ਫ਼ੀਸ ਦੀ ਰਸੀਦ।
3. ਅਧਿਐਨ ਕੇਂਦਰ ਮੁਖੀ ਦੁਆਰਾ ਤਸਦੀਕ ਕੀਤਾ ਸ਼ਨਾਖਤੀ ਕਾਰਡ।
4. ਭਰੇ ਹੋਏ ਦਾਖਲਾ ਫਾਰਮ ਦੀ ਸੰਬੰਧਤ ਅਧਿਐਨ ਕੇਂਦਰ ਵੱਲੋਂ ਡਾਊਨਲੋਡ ਕੀਤੀ ਕਾਪੀ।
5. ਕਰੈਡਿਟ ਕੈਰੀ ਲੈਣ ਲਈ ਪੇਸ਼ ਕੀਤਾ ਗਿਆ ਅਸਲ ਸਰਟੀਫ਼ਿਕੇਟ।

**ਵਿਸ਼ੇਸ਼ ਨੋਟ: ਫੀਸਾਂ ਜਮ੍ਹਾਂ ਕਰਨ ਸਬੰਧੀ ਕਿਸੇ ਕਿਸਮ ਦੀ ਕਾਰਜਵਿਧੀ/ਤਬਦੀਲੀ ਜਾਂ ਕੋਈ ਹੋਰ ਜਾਣਕਾਰੀ ਸਮੇਂ-ਸਮੇਂ ਤੇ ਬੋਰਡ ਦੀ ਵੈਬਸਾਈਟ ਤੇ ਪਾਈ ਜਾਵੇਗੀ। ਇਸ ਲਈ ਬੋਰਡ ਦੀ ਵੈਬਸਾਈਟ ਸਮੇਂ-ਸਮੇਂ ਚੈਕ ਕੀਤੀ ਜਾਵੇ।**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

## ਦਾਖ਼ਲਾ ਸ਼ੈਡਿਊਲ (ਸੀਨੀਅਰ ਸੈਕੰਡਰੀ)

**ਅਕਾਦਮਿਕ ਸਾਲ : 2014-15**

| **ਦਾਖ਼ਲਾ ਮਿਤੀਆਂ ਅਤੇ ਫ਼ੀਸਾਂ ਦਾ ਵੇਰਵਾ (ਆਨਲਾਈਨ ਦਾਖਲਾ ਅਧਿਐਨ ਕੇਂਦਰ ਵੱਲੋਂ ਕੀਤਾ ਜਾਵੇਗਾ)** | **ਪ੍ਰਤੀ ਵਿਦਿਆਰਥੀ ਦਾਖਲਾ ਫ਼ੀਸ** |
|---|---|
| ਬਿਨਾਂ ਲੇਟ ਫ਼ੀਸ 1 ਅਪਰੈਲ 2014 ਤੋਂ 15 ਜੁਲਾਈ, 2014 ਤੱਕ ਦਾਖਲਾ | 1400/- ਰੁਪਏ |
| ਐਸ.ਸੀ./ਬੀ.ਸੀ./ਅਪੰਗ ਲੜਕੇ ਅਤੇ ਸਮੂਹ ਲੜਕੀਆਂ ਲਈ ਦਾਖ਼ਲਾ ਫ਼ੀਸ | 1350/- ਰੁਪਏ |
| ਵਾਧੂ ਵਿਸ਼ਾ ਦਾਖ਼ਲਾ ਫ਼ੀਸ (ਪ੍ਰਤੀ ਵਿਸ਼ਾ) | 250/- ਰੁਪਏ |
| ਨਵੀਂ ਰਜਿਸਟ੍ਰੇਸ਼ਨ ਫ਼ੀਸ | 180/- ਰੁਪਏ |
| ਰਜਿਸਟ੍ਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫ਼ੀਸ | 110/- ਰੁਪਏ |
| ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫ਼ੀਸ | 1200/- ਰੁਪਏ |
| ਪ੍ਰਾਸਪੈਕਟਸ ਫੀਸ | 100/-ਰੁਪਏ ਪ੍ਰਤੀ ਫਾਰਮ |
| 16 ਜੁਲਾਈ, 2014 ਤੋਂ 31 ਜੁਲਾਈ, 2014 ਤੱਕ | ਉਪਰੋਕਤ ਅਨੁਸਾਰ ਅਤੇ 500/-ਰੁਪਏ ਲੇਟ ਫ਼ੀਸ ਨਾਲ |
| 1 ਅਗਸਤ, 2014 ਤੋਂ 14 ਅਗਸਤ, 2014 ਤੱਕ | ਉਪਰੋਕਤ ਅਨੁਸਾਰ ਅਤੇ 1000/-ਰੁਪਏ ਲੇਟ ਫ਼ੀਸ ਨਾਲ |

**ਨੋਟ:**

1. ਪਰੀਖਿਆ ਫਾਰਮ ਅਤੇ ਫ਼ੀਸ ਬੋਰਡ ਦੀ ਪਰੀਖਿਆ ਸ਼ਾਖਾ ਵੱਲੋਂ ਜਾਰੀ ਸ਼ੈਡਿਊਲ ਅਨੁਸਾਰ ਭੇਜੀ ਜਾਵੇ।
2. ਬੋਰਡ ਦੀ ਮੈਟ੍ਰਿਕੁਲੇਸ਼ਨ ਵਿੱਚੋਂ ਪਾਸ ਜਾਂ ਸੀਨੀਅਰ ਸੈਕੰਡਰੀ ਵਿੱਚ ਫੇਲ੍ਹ ਵਿਦਿਆਰਥੀ ਯੋਗਤਾ ਪੂਰੀ ਕਰਨ ਤੇ ਮੁੱਖ ਨਤੀਜਾ ਘੋਸ਼ਿਤ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਦਾਖ਼ਲਾ ਲੈ ਸਕਦੇ ਹਨ।
3. ਜੇਕਰ ਬੋਰਡ ਵੱਲੋਂ ਰੈਗੂਲਰ ਵਿਦਿਆਰਥੀਆਂ ਲਈ ਕਿਸੇ ਪ੍ਰਕਾਰ ਦੀ ਫ਼ੀਸ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਉਹ ਓਪਨ ਸਕੂਲ ਦੇ ਵਿਦਿਆਰਥੀਆਂ ਤੇ ਵੀ ਲਾਗੂ ਹੋਵੇਗਾ।
4. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਫ਼ੀਸ ਅਤੇ ਦਾਖਲਾ ਮਿਤੀਆਂ ਵਿੱਚ ਤਬਦੀਲੀ ਕਰ ਸਕਦੇ ਹਨ।

ਪ੍ਰਾਸਪੈਕਟਸ ਜ਼ਿਲ੍ਹਾ ਪੱਧਰ ਤੇ ਸਥਿਤ ਪਾਠ ਪੁਸਤਕਾਂ ਵਿਕਰੀ ਡਿਪੂਆਂ ਤੋਂ 1 ਅਪਰੈਲ, 2014 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਮੈਨੇਜਰ ਪਾਠ ਪੁਸਤਕਾਂ ਵਿਕਰੀ ਡਿਪੂ, ਵਿੱਦਿਆ ਭਵਨ, ਫੇਜ਼-8 ਮੁਹਾਲੀ ਤੋਂ ਲਏ ਜਾ ਸਕਦੇ ਹਨ। ਪ੍ਰਾਸਪੈਕਟਸ ਅਤੇ ਦਾਖਲਾ ਫਾਰਮ ਬੋਰਡ ਦੀ ਵੈਬਸਾਈਟ www.pseb.ac.in ਤੋਂ ਵੀ ਡਾਊਨ ਲੋਡ ਕੀਤੇ ਜਾ ਸਕਦੇ ਹਨ। ਇਸ ਸੂਰਤ ਵਿੱਚ ਪ੍ਰਾਸਪੈਕਟਸ ਫੀਸ, ਦਾਖਲਾ ਫੀਸ ਦੇ ਨਾਲ ਹੀ ਜਮ੍ਹਾਂ ਕਰਵਾਉਣੀ ਹੋਵੇਗੀ। ਦਾਖਲੇ ਦੀ ਪ੍ਰਕਿਰਿਆ ਅਧਿਐਨ ਕੇਂਦਰ ਵਲੋਂ ਆਨ ਲਾਈਨ ਰਜਿਸਟਰੇਸ਼ਨ ਦੀ ਫਾਈਨਲ ਸਬਮਿਸ਼ਨ ਉਪਰੰਤ ਮੁਕੰਮਲ ਹੋਵੇਗੀ।

ਸਕੱਤਰ

ਫੋਨ ਨੰ: 0172-3047235-385-386-491